MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St.,Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL.: 10 ISSUE: 01 SATURDAY, 01 JANUARY, 2022
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com




# ਵਿਗਿਆਨੀਆਂ ਨੇ ਓਮੀਕਰੋਨ ਦੇ ਐਂਟੀਬਾਡੀਜ਼ ਦੀ ਪਛਾਣ ਕੀਤੀ

ਵੈਨਕੂਵਰ-ਵਿਗਿਆਨੀਆਂ ਦੀ ਇਕ ਟੀਮ ਨੇ ਨਵੇ ਓਮੀਕਰੋਨ ਵੈਰੀਐਂਟ ਦੇ ਇਲਾਜ ਲਈ ਐਂਟੀਬਾਡੀਜ ਦੀ ਪਛਾਣ ਕਰ ਲਈ ਹੈ। ਇੱਕ ਨਵੇਂ ਅਧਿਐਨ ਵਿਚ ਵਿਗਿਆਨੀਆਂ ਦੇ ਇੱਕ ਸਮੂਹ ਨੇ ਪਾਇਆ ਹੈ ਕਿ ਕੁਝ ਐਂਟੀਬਾਡੀਜ਼ ਵਾਇਰਸ ਸਪਾਈਕ ਪ੍ਰੋਟੀਨ ਦੇ ਖੇਤਰਾਂ ਨੂੰ ਨਿਸ਼ਾਨਾ ਬਣਾ ਸਕਦੇ ਹਨ ਜੋ ਵਾਇਰਸ ਦੇ ਪਰਿਵਰਤਨ ਦੇ ਰੂਪ ਵਿੱਚ ਮਹੱਤਵਪੂਰਨ ਤਬਦੀਲੀਆਂ ਨਹੀਂ ਕਰਦੇ ਹਨ। ਇਸ ਨਵੀ ਖੋਜ ਨੂੰ 23 ਦਸੰਬਰ ਨੂੰ ਵਿਗਿਆਨਕ ਜਰਨਲ ਨੇਚਰ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਖੋਜ ਪ੍ਰੋਜੈਕਟ ਦੀ ਅਗਵਾਈ ਡੇਵਿਡ ਵੇਲਸਰ, ਹਾਵਰਡ ਹਿਊਜ਼ ਮੈਡੀਕਲ ਇੰਸਟੀਚਿਊਟ ਦੇ ਇੱਕ ਜਾਂਚਕਰਤਾ, ਅਤੇ ਸਵਿਟਜ਼ਰਲੈਂਡ ਵਿੱਚ ਵੀਰ ਬਾਇਓਟੈਕਨਾਲੋਜੀ ਦੀ ਸਹਾਇਕ ਕੰਪਨੀ ਹਮਬਜ਼ ਬਾਇਓਮੇਡ ਦੇ ਡੇਵਿਡ ਕੋਰਟੀ ਦੁਆਰਾ ਕੀਤੀ ਗਈ ਹੈ। ਵੀਸਲਰ, ਜੋ ਕਿ ਸੀਏਟਲ ਵਿੱਚ ਯੂਨੀਵਰਸਿਟੀ ਆਫ਼ ਵਾਸ਼ਿੰਗਟਨ ਸਕੂਲ ਆਫ਼ ਮੈਡੀਸਨ ਵਿੱਚ ਬਾਇਓਕੈਮਿਸਟਰੀ ਦੇ ਇੱਕ ਐਸੋਸੀਏਟ ਪ੍ਰੋਫੈਸਰ ਵੀ ਹਨ, ਨੇ ਕਿਹਾ ਕਿ ਸਪਾਈਕ ਪ੍ਰੋਟੀਨ ਉੱਤੇ "ਵਿਆਪਕ ਤੌਰ 'ਤੇ ਨਿਰਪੱਖ" ਐਂਟੀਬਾਡੀਜ਼ ਦੇ ਟੀਚਿਆਂ ਦੀ ਪਛਾਣ ਕਰਕੇ, ਵੈਕਸੀਨ ਅਤੇ ਐਂਟੀਬਾਡੀ ਇਲਾਜਾਂ ਨੂੰ ਡਿਜ਼ਾਈਨ ਕਰਨਾ ਸੰਭਵ ਹੋ ਸਕਦਾ ਹੈ ਜੋ ਓਮੀਕਰੋਨ, ਜਾਂ ਹੋਰ ਰੂਪਾਂ ਦੇ (ਬਾਕੀ ਸਫ਼ਾ 10 'ਤੇ)




For All Kind of Real Estate Needs
ਕਾਬਲੀਅਤ, ਤਜ਼ਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

## ਸਰੀ ਦੀ ਪੰਜ ਸਾਲਾ ਵਿੱਤੀ ਯੋਜਨਾ ਨੂੰ ਸਿਟੀ ਕੌਂਸਲ ਵਲੋਂ ਪ੍ਰਵਾਨਗੀ

ਸਰੀ-ਕ੍ਰਿਸਮਸ ਈਵ (24 ਦਸੰਬਰ) ਦੀ ਸਵੇਰ ਨੂੰ 20 ਮਿੰਟ ਦੀ ਮੀਟਿੰਗ ਦੌਰਾਨ ਸਰੀ ਸਿਟੀ ਕੌਂਸਲ ਨੇ ਸ਼ਹਿਰ ਦੀ ਪੰਜ ਸਾਲਾ (2022-2026) ਵਿੱਤੀ ਯੋਜਨਾ ਨੂੰ ਪ੍ਰਵਾਨਗੀ ਦਿੱਤੀ ਹੈ। ਬਜਟ ਦੀ ਅੰਤਿਮ ਪ੍ਰਵਾਨਗੀ ਵਿਚ ਮੇਅਰ ਡੱਗ ਮੈਕਲਮ ਵਲੋਂ ਪੜ੍ਹੇ ਗਏ ਲੜੀਵਾਰ ਬਾਈਲਾਅਜ਼ ਸ਼ਾਮਿਲ ਹਨ। ਇਸ ਦਾ ਸੇਫ ਸਰੀ ਕੁਲੀਸ਼ਨ-ਯੂਨਾਈਟਡ ਕੌਂਸਲਰਾਂ ਦੇ ਪੰਜ ਮੈਂਬਰਾਂ ਨੇ ਸਮਰਥਨ ਕੀਤਾ ਅਤੇ ਚਾਰ ਹੋਰਨਾਂ ਨੇ ਬਿਨ੍ਹਾਂ ਚਰਚਾ ਦੇ ਇਸ ਦਾ ਵਿਰੋਧ ਕੀਤਾ। ਬੁੱਧਵਾਰ ਦੀ ਵਿੱਤੀ ਕਮੇਟੀ ਦੀ ਮੀਟਿੰਗ ਦੌਰਾਨ ਵਿਵਾਦ ਦਾ ਮੁੱਖ ਮੁੱਦਾ 65 ਸਫੇ ਦੇ ਬਜਟ ਦਸਤਾਵੇਜ਼ ਨੂੰ ਚੰਗੀ ਤਰ੍ਹਾਂ ਘੋਖਣ ਲਈ ਸਮੇਂ ਦੀ ਘਾਟ ਸੀ।

## ਓਮੀਕਰੋਨ ਦੇ ਵਾਧੇ ਕਾਰਣ ਹਜ਼ਾਰਾਂ ਫਲਾਈਟਾਂ ਰੱਦ

ਓਟਵਾ- ਦੁਨੀਆ ਭਰ ਵਿੱਚ ਕੋਵਿਡ-19 ਦੇ ਮਾਮਲੇ ਵਧਣ ਕਾਰਨ ਅਮਰੀਕਾ ਵਿੱਚ ਪਿਛਲੇ ਕਈ ਦਿਨਾਂ ਵਿੱਚ ਹਜ਼ਾਰਾਂ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ। ਮੰਗਲਵਾਰ ਨੂੰ, ਹੋਰ 2,800 ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ, (ਬਾਕੀ ਸਫ਼ਾ 10 'ਤੇ)




## ਬੀ.ਸੀ. ਫੈਰੀ ਯਾਤਰਾ ਰੱਦ

ਵਿਕਟੋਰੀਆ-ਬੀ. ਸੀ. ਫੈਰੀ ਨੇ ਸਮੁੰਦਰੀ ਤੂਫਾਨ ਕਾਰਣ ਟਵਾਸਨ ਅਤੇ ਡਿਊਕ ਪੁਆਇੰਟ ਦੇ ਵਿਚਕਾਰ ਮੰਗਲਵਾਰ ਦੀ ਯਾਤਰਾ ਨੂੰ ਰੱਦ ਕਰ ਦਿੱਤਾ ਹੈ। ਸਵੇਰੇ 10:15 ਵਜੇ ਤਸਵਵਾਸਨ ਤੋਂ ਬਾਹਰ ਨਿਕਲਣਾ ਅਤੇ ਦੁਪਹਿਰ 12:45 ਵਜੇ ਫੈਰੀ ਕਾਰਪੋਰੇਸ਼ਨ (ਬਾਕੀ ਸਫ਼ਾ 10 'ਤੇ)



ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੁਆਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ • ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

BALLOWAL MONEY EXCHANGE
#24 - 7711 128 St., Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal 778-723-6900
Jaskaran Singh 778-636-4086

ਕਰੰਸੀ ਐਕਸਚੇਂਜ ਦੇ ਕਾਰੋਬਾਰ ਵਿੱਚ 18 ਸਾਲ ਤੋਂ ਰੇਟ ਅਤੇ ਭਰੋਸੇ ਦਾ ਪਰਖਿਆ ਹੋਇਆ ਨਾਮ
NEW WAY FOREIGN EXCHANGE LTD.
ਭਾਰਤ ਦੇ ਕਿਸੇ ਵੀ ਕੋਨੇ ਤੋਂ ਪੈਸੇ ਭੇਜਣ ਜਾਂ ਮੰਗਵਾਉਣ ਲਈ ਇਕ ਹੀ ਨਾਮ ਯਾਦ ਰੱਖੋ
24 Hour Service Available
Narinder S Tuli
604.760.7257
778.700.1032
#207-7928-128 St. (York Business Centre), Surrey

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

ਇੰਸ਼ੋਰੈਂਸ ਦੇ ਮਾਹਰ
A INSURANCE
- ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

HARB ATHWAL
Real Estate Agent
604-785-5616
ਘਰ ਖਰੀਦਣ ਜਾਂ ਵੇਚਣ ਲਈ ਮਿਲੋ
Specializing in Residential, Commercial & Land Develeopment
investa PRIME REALTY
www.investaprime.com
Bus: 604-575-1000
#210 - 5620 152 St., Surrey
E: hrathwal@yahoo.com
www.harbathwal.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ
ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

**"Simpson, Thomas & Associates are a legal dream team. No other law firm could have fought this claim as it takes a lot of resources to fight a case of this nature."**
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

**"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."**
– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

We have offices in Vancouver, Surrey/Delta, Abbotsford* and Burnaby.*
*By appointment only

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100



PUNJAB LINK
# ਪੰਜਾਬ ਲਿੰਕ
WEEKLY NEWSPAPER VOL : 10 ISSUE : 01 SATURDAY, 01 JANUARY, 2022
www.punjablinkpaper.com 604-503-5465



ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store / Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖ਼ਬਰਾਂ ਕੁੱਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com


## ਕਾਂਗਰਸੀ ਵਿਧਾਇਕ ਬਾਜਵਾ, ਲਾਡੀ ਤੇ ਸਾਬਕਾ ਅਕਾਲੀ ਵਿਧਾਇਕ ਨਕਈ ਤੇ ਘੁੜਿਆਣਾ ਭਾਜਪਾ ਵਿਚ ਸ਼ਾਮਿਲ



ਨਵੀ ਦਿੱਲੀ (ਦਿਓਲ)-ਕਾਦੀਆਂ ਤੋ ਕਾਂਗਰਸੀ ਵਿਧਾਇਕ ਫਤਹਿ ਜੰਗ ਸਿੰਘ ਬਾਜਵਾ, ਵਿਧਾਇਕ ਲਾਡੀ ਤੇ ਅਕਾਲੀ ਦਲ ਦੇ ਸਾਬਕਾ ਵਿਧਾਇਕ ਗੁਰਤੇਜ ਸਿੰਘ ਘੁੜਿਆਣਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਸਹਿਪਾਠੀ ਜਗਦੀਪ ਸਿੰਘ ਨਕਈ, ਪਾਰਟੀ ਦਾ ਜਨਰਲ ਸਕੱਤਰ ਤੇ ਖ਼ਜ਼ਾਨਚੀ ਰਵੀਪ੍ਰੀਤ ਸਿੰਘ ਸਿੱਧੂ, ਹਰਭਾਗ ਸਿੰਘ ਦੇਸੂ ਅਤੇ ਸਾਬਕਾ ਕਾਂਗਰਸੀ ਵਿਧਾਇਕ ਸ਼ਮਸ਼ੇਰ ਸਿੰਘ ਰਾਏ ਆਪੋ-ਆਪਣੀ ਪਾਰਟੀ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਕੇਂਦਰੀ ਮੰਤਰੀਆਂ ਗਜੇਂਦਰ ਸਿੰਘ ਸ਼ੇਖਾਵਤ ਤੇ ਸੋਮ ਪ੍ਰਕਾਸ਼ ਅਤੇ ਭਾਜਪਾ ਦੇ ਕੌਮੀ ਜਨਰਲ ਸਕੱਤਰ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਦੁਸ਼ਯੰਤ ਗੌਤਮ ਨੇ ਅੱਜ ਇਥੇ ਪਾਰਟੀ ਹੈੱਡਕੁਆਰਟਰ ਵਿੱਚ ਉਨ੍ਹਾਂ ਨੂੰ ਪਾਰਟੀ ਵਿੱਚ ਜੀ ਆਇਆਂ ਆਖਿਆ। ਸ਼ੇਖਾਵਤ ਨੇ ਕਿਹਾ ਕਿ ਵੱਖ ਵੱਖ ਖੇਤਰਾਂ ਨਾਲ ਜੁੜੀਆਂ ਉੱਘੀਆਂ ਹਸਤੀਆਂ, ਚੁਣੇ ਹੋਏ ਨੁਮਾਇੰਦਿਆਂ ਤੇ ਅਸਰ ਰਸੂਖ਼ ਰੱਖਣ ਵਾਲੀਆਂ ਸ਼ਖ਼ਸੀਅਤਾਂ (ਬਾਕੀ ਸਫ਼ਾ 10 'ਤੇ)



# ਪੰਜਾਬ ਲੋਕ ਕਾਂਗਰਸ, ਸੰਯੁਕਤ ਅਕਾਲੀ ਅਤੇ ਭਾਜਪਾ ਵਿਚਾਲੇ ਚੋਣ ਗਠਜੋੜ

## ਸੀਟਾਂ ਦੀ ਵੰਡ ਲਈ ਕਮੇਟੀ ਗਠਿਤ ਕਰਨ ਦਾ ਐਲਾਨ

ਨਵੀਂ ਦਿੱਲੀ-ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਨਵੀਂ ਬਣੀ ਪਾਰਟੀ ਪੰਜਾਬ ਲੋਕ ਕਾਂਗਰਸ ਦੇ ਮੁਖੀ ਕੈਪਟਨ ਅਮਰਿੰਦਰ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਦਿੱਲੀ ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਭਾਰਤੀ ਜਨਤਾ ਪਾਰਟੀ ਦੇ ਕੌਮੀ ਪ੍ਰਧਾਨ ਜੇ.ਪੀ. ਨੱਢਾ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਭਾਜਪਾ ਨੇ ਰਸਮੀ ਤੌਰ 'ਤੇ ਐਲਾਨ ਕੀਤਾ ਹੈ ਕਿ ਉਹ ਕੈਪਟਨ ਦੀ ਪਾਰਟੀ ਪੀਐੱਲਸੀ ਅਤੇ ਅਕਾਲੀ ਦਲ (ਸੰਯਕਤ) ਨਾਲ ਮਿਲ ਕੇ ਪੰਜਾਬ ਵਿਧਾਨ ਸਭਾ ਚੋਣਾਂ ਲੜੇਗੀ। ਇਹ ਮੀਟਿੰਗ ਸ਼ਾਹ ਦੀ ਰਿਹਾਇਸ਼ ਵਿਖੇ ਹੋਈ। ਇਸ ਦੌਰਾਨ ਕੈਪਟਨ ਤੇ ਢੀਂਡਸਾ ਨੇ ਭਾਜਪਾ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਗਜੇਂਦਰ ਸਿੰਘ ਸ਼ੇਖਾਵਤ ਨਾਲ ਵੀ ਮੁਲਾਕਾਤ ਕੀਤੀ। ਕੈਪਟਨ ਪੰਜਾਬ ਚੋਣਾਂ ਲਈ ਇਕ ਰਣਨੀਤੀ ਤਿਆਰ ਕਰਨ ਸਬੰਧੀ ਭਾਜਪਾ (ਬਾਕੀ ਸਫ਼ਾ 10 'ਤੇ)


GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca



ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000



WE NOW OFFER OVER 40 PROGRAMS
StudentAidBC

| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
|---|---|---|---|
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave



Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey



HARVEER
ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com



So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ



NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre
80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਗੁਰਦੁਆਰਾ ਨਾਨਕ ਨਿਵਾਸ ਰਿਚਮੰਡ ਦਾ ਪਰਉਪਕਾਰੀ ਕਾਰਜ ਪੰਜਾਬ ਦੇ ਹਸਪਤਾਲਾਂ ਵਿਚ ਇਕ ਲੱਖ ਡਾਲਰ ਦੀਆਂ ਕਿਡਨੀ ਡਾਇਲਿਸਜ ਮਸ਼ੀਨਾਂ ਲਵਾਈਆਂ

ਸਰੀ (ਹਰਦਮ ਮਾਨ)-ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ (ਗੁਰਦੁਆਰਾ ਨਾਨਕ ਨਿਵਾਸ, ਨੰਬਰ 5 ਰੋਡ ਰਿਚਮੰਡ,ਬੀ ਸੀ।) ਦੀ ਸੰਗਤ ਅਤੇ ਪ੍ਰਬੰਧਕ ਕਮੇਟੀ ਵੱਲੋਂ ਇਕੱਤਰ ਕੀਤੀ ਗਈ ਇਕ ਲੱਖ ਡਾਲਰ ਦੀ ਦਾਨ ਰਾਸ਼ੀ ਨਾਲ ਪੰਜਾਬ ਦੇ ਵੱਖ ਵੱਖ ਹਸਪਤਾਲਾਂ ਵਿਚ




8 ਕਿਡਨੀ ਡਾਇਲਿਸਜ ਮਸ਼ੀਨਾਂ ਲੁਆਉਣ ਦਾ ਪਰਉਪਕਾਰੀ ਕਾਰਜ ਕੀਤਾ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ ਦੇ ਜਨਰਲ ਸਕੱਤਰ ਬਲਵੰਤ ਸਿੰਘ ਸੰਘੇੜਾ ਨੇ ਦੱਸਿਆ ਹੈ ਕਿ ਇਹ ਧਨ ਕੋਵਿਡ-19 ਦੀ ਮਹਾਂਮਾਰੀ ਲਈ ਪੰਜਾਬ ਦੇ ਲੋਕਾਂ ਦੀ ਮੈਡੀਕਲ ਮਦਦ ਲਈ ਇਕੱਠਾ ਕੀਤਾ ਗਿਆ ਸੀ ਅਤੇ ਇਸ ਧਨ ਨਾਲ ਪੰਜਾਬ ਦੇ ਕੁਝ ਲੋੜਵੰਦ ਹਸਪਤਾਲਾਂ ਵਿਚ ਆਕਸੀਜਨ ਪਲਾਂਟ ਲਵਾਉਣ ਦਾ ਪ੍ਰੋਗਰਾਮ ਮਿਥਿਆ ਗਿਆ ਸੀ ਪਰ ਜਦੋਂ ਇਸ ਸੰਬੰਧ ਵਿਚ ਪ੍ਰਬੰਧਕਾਂ ਵੱਲੋਂ "ਸਰਬੱਤ ਦਾ ਭਲਾ ਟਰਸਟ" ਨਾਲ ਸੰਪਰਕ ਕੀਤਾ ਗਿਆ ਤਾਂ ਉਹਨਾਂ ਸਲਾਹ ਦਿੱਤੀ ਕਿ ਹੁਣ ਪੰਜਾਬ ਵਿਚ ਆਕਸੀਜਨ ਪਲਾਂਟਸ ਦੀ ਏਨੀ ਲੋੜ ਨਹੀਂ ਅਤੇ ਇਸ ਦੀ ਬਜਾਏ ਕਿਡਨੀ ਡਾਇਲਿਸਜ ਮਸ਼ੀਨਾਂ ਦੀ ਜ਼ਿਆਦਾ ਲੋੜ ਹੈ। ਉਨ੍ਹਾਂ ਦੀ ਸਲਾਹ ਅਨੁਸਾਰ ਹੀ ਗੁਰਦੁਆਰਾ ਨਾਨਕ ਨਿਵਾਸ ਵੱਲੋਂ ਜਲੰਧਰ ਦੇ ਗੁਰੂ ਨਾਨਕ ਮਿਸ਼ਨ ਹਸਪਤਾਲ ਵਿਚ ਨਰਗਸ ਦੱਤ ਕੈਂਸਰ ਫਾਊਂਡੇਸ਼ਨ ਰਾਹੀਂ ਤਿੰਨ ਕਿਡਨੀ ਡਾਇਲਿਸਜ ਮਸ਼ੀਨਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਰਾਜਾ ਸਾਹਿਬ ਮਜਾਰਾ, ਰੈਹਪਾ ਦੇ ਹਸਪਤਾਲਾਂ ਵਿਚ ਪੰਜ ਮਸ਼ੀਨਾਂ ਲਵਾਈਆਂ ਜਾ ਰਹੀਆਂ ਹਨ। ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਬੀ ਸੀ। ਦੇ ਕੁਝ ਇਲਾਕਿਆਂ ਵਿਚ ਹੜ੍ਹਾਂ ਕਾਰਨ ਬਹੁਤ ਨੁਕਸਾਨ ਹੋਇਆ ਸੀ ਅਤੇ ਗੁਰਦਆਰਾ ਨਾਨਕ ਨਿਵਾਸ ਦੀ ਸੰਗਤ ਅਤੇ ਪ੍ਰਬੰਧਕ ਕਮੇਟੀ ਵੱਲੋਂ ਤਕਰੀਬਨ ਦੋ ਟਨ ਸੁੱਕੇ ਖਾਧ ਪਦਾਰਥ ਲੋੜਵੰਦਾਂ ਲਈ ਭੇਜੇ ਗਏ ਹਨ। ਇਸ ਤੋਂ ਇਲਾਵਾ 10,000 ਡਾਲਰ ਵੀ ਲੋੜਵੰਦਾਂ ਦੀ ਮਦਦ ਲਈ ਇਕੱਠੇ ਕੀਤੇ ਗਏ ਹਨ ਅਤੇ ਜਲਦੀ ਹੀ ਉਹਨਾਂ ਤਕ ਪਹੁੰਚਾਏ ਜਾ ਰਹੇ ਹਨ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਇਨ੍ਹਾਂ ਲੋਕ ਭਲਾਈ ਕਾਰਜਾਂ ਲਈ ਪਾਏ ਵੱਡਮੁੱਲੇ ਯੋਗਦਾਨ ਲਈ ਸੰਗਤਾਂ ਦਾ ਧੰਨਵਾਦ ਕੀਤਾ ਹੈ।

# ਨਿਊਯਾਰਕ ਸੇਟਟ ਅਸੰਬਲੀ ਵੱਲੋਂ ਛੋਟੇ ਸਾਹਿਬਜਾਦਿਆਂ ਨੂੰ ਦੁਨੀਆ ਵਿਚ ਸਭ ਤੋ ਛੋਟੀ ਉਮਰ ਦੇ ਸ਼ਹੀਦ ਵਜੋ ਮਾਨਤਾ

ਅੰਮ੍ਰਿਤਸਰ-ਅਮਰੀਕਾ ਦੇ ਸੂਬੇ ਨਿਊਯਾਰਕ ਦੀ ਸਟੇਟ ਅਸੈਂਬਲੀ ਮੈਂਬਰ ਜੈਸਿਕਾ ਗੋਂਜਾਲਸ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਦੁਨੀਆਂ ਦੇ ਸਭ ਤੋਂ ਛੋਟੀ ਉਮਰ ਦੇ ਸ਼ਹੀਦ ਵਜੋਂ ਮਾਨਤਾ ਦਿੰਦਿਆਂ ਇਸ ਸਬੰਧੀ ਇੱਕ ਮਾਣ ਪੱਤਰ (ਸਾਈਟੇਸ਼ਨ) ਜਾਰੀ ਕੀਤਾ ਹੈ। ਉਹ ਸ਼ਹੀਦੀ ਸਮਾਗਮ ਸਬੰਧੀ ਪਰਿਵਾਰ ਸਮੇਤ ਫਲਸ਼ਿੰਗ ਸਥਿਤ ਇੱਕ ਗੁਰਦੁਆਰੇ ਵਿਖੇ ਨਤਮਸਤਕ ਹੋਣ ਲਈ ਆਏ ਸਨ। ਇਹ ਜਾਣਕਾਰੀ 'ਵਰਲਡ ਸਿੱਖ ਪਾਰਲੀਮੈਂਟ' ਜਥੇਬੰਦੀ ਅਤੇ ਅਮਰੀਕਨ ਸਿੱਖ ਗੁਰਦੁਆਰਾ ਜਥੇਬੰਦੀ ਕਮੇਟੀ ਵੱਲੋਂ ਦਿੱਤੀ ਗਈ। ਏਐੱਸਜੀਪੀਸੀ ਦੇ ਆਗੂ ਡਾ. ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਸ੍ਰੀਮਤੀ ਜੈਸਿਕਾ ਗੋਂਜਾਲਸ ਤੇ ਉਨ੍ਹਾਂ ਦਾ ਅੱਠ ਸਾਲਾ ਪੁੱਤਰ ਗੁਰਦੁਆਰੇ ਵਿੱਚ ਨਤਮਸਤਕ ਹੋਣ ਲਈ ਪੁੱਜੇ ਸਨ, ਜਿੱਥੇ ਉਨ੍ਹਾਂ ਅਸੈਂਬਲੀ ਮੈਂਬਰ ਵਜੋਂ 4 ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੀ ਸ਼ਹਾਦਤ ਦੇ ਸਬੰਧ ਵਿੱਚ ਇੱਕ ਸਾਈਟੇਸ਼ਨ ਜਾਰੀ ਕੀਤੀ, ਜਿਸ ਵਿੱਚ ਕਿਹਾ ਗਿਆ ਕਿ ਉਹ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਨਤਮਸਤਕ ਹੁੰਦਿਆਂ ਸਿੱਖ ਭਾਈਚਾਰੇ ਨਾਲ ਆਪਣੀ ਇੱਕਜੁਟਤਾ ਦਾ ਪ੍ਰਗਟਾਵਾ ਕਰਦੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਜਲਦੀ ਹੀ ਇਹ ਮਤਾ ਨਿਊਯਾਰਕ ਅਸੈਂਬਲੀ ਵਿੱਚ ਵੀ ਰੱਖਿਆ ਜਾਵੇਗਾ। ਇਸ ਮੌਕੇ ਉਨ੍ਹਾਂ ਨੂੰ ਗੁਰਦੁਆਰਾ ਕਮੇਟੀ ਵੱਲੋਂ ਮੀਤ ਪ੍ਰਧਾਨ ਜਿੰਦਰ ਸਿੰਘ, ਟਰੱਸਟੀ ਹਰਦੀਪ ਸਿੰਘ ਤੇ ਹੋਰਨਾਂ ਵੱਲੋਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

# ਸਰੀ ਦੀ ਲੇਖਿਕਾ ਸੁਰਿੰਦਰ ਸਹੋਤਾ, ਸੁਰਿੰਦਰ ਚੌਹਾਨ ਅਤੇ ਡਾ: ਥਿੰਦ ਦੀ ਮੌਤ ਉਪਰ ਦੁੱਖ ਦਾ ਪ੍ਰਗਟਾਵਾ

ਸਰੀ, (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਦੇ ਮੈਂਬਰਾਂ ਨੇ ਸਰੀ ਦੇ ਲੇਖਿਕਾ ਅਤੇ ਲੇਖਕ ਮੰਚ ਵੈਨਕੂਵਰ ਦੀ ਮੈਂਬਰ ਸੁਰਿੰਦਰ ਕੌਰ ਸਹੋਤਾ ਦੀ ਮੌਤ ਉਪਰ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਆਪਣੇ ਸ਼ੋਕ ਸੁਨੇਹੇ ਰਾਹੀਂ ਵੈਨਕੂਵਰ ਵਿਚਾਰ ਮੰਚ ਦੇ ਆਗੂ ਅਤੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਜਰਨੈਲ ਸਿੰਘ ਆਰਟਿਸਟ, ਮੋਹਨ ਗਿੱਲ, ਹਰਦਮ ਸਿੰਘ ਮਾਨ, ਅੰਗਰੇਜ਼ ਬਰਾੜ, ਪਰਮਜੀਤ ਸਿੰਘ ਸੇਖੋਂ, ਜਸਵਿੰਦਰ ਹਜ਼ਲਗੋ, ਕਵਿੰਦਰ ਚਾਂਦ, ਚਮਕੌਰ ਸਿੰਘ ਸੇਖੋਂ ਅਤੇ ਨਵਦੀਪ ਗਿੱਲ ਨੇ ਮਰਹੂਮ ਸਹੋਤਾ ਦੇ ਦੋਹਾਂ ਬੇਟਿਆਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ। ਜ਼ਿਕਰਯੋਗ ਹੈ ਕਿ ਸੁਰਿੰਦਰ ਕੌਰ ਸਹੋਤਾ 73 ਸਾਲਾਂ ਦੇ ਸਨ ਅਤੇ ਪਿਛਲੇ ਕੁਝ ਸਮੇਂ ਤੋਂ ਕੈਂਸਰ ਦੀ ਨਾਮੁਰਾਦ ਬੀਮਾਰੀ ਤੋਂ ਪੀੜਤ ਸਨ। ਉਨ੍ਹਾਂ ਨੂੰ ਵਡੇਰਾ ਮਾਣ ਸੀ ਕਿ ਭਾਰਤੀ ਫੁੱਟਬਾਲ ਟੀਮ ਦੇ ਕਪਤਾਨ ਰਹੇ ਅਤੇ ਅਰਜਨ





ਐਵਾਰਡ ਨਾਲ ਸਨਮਾਨਿਤ ਖਿਡਾਰੀ ਜਰਨੈਲ ਸਿੰਘ ਉਸ ਦੇ ਭਰਾ ਸਨ। ਮੰਚ ਦੇ ਆਗੂਆਂ ਨੇ ਪੰਜਾਬੀ ਲੋਕਧਾਰਾ ਦੇ ਟਕਸਾਲੀ ਵਿਦਵਾਨ ਡਾਕਟਰ ਕਰਨੈਲ ਸਿੰਘ ਥਿੰਦ ਦੇ ਸਦੀਵੀ ਵਿਛੋੜੇ ਉਪਰ ਵੀ ਗਹਿਰਾ ਦੁੱਖ ਪ੍ਰਗਟ ਕੀਤਾ ਹੈ। ਮੰਚ ਦੇ ਆਗੂ ਜਰਨੈਲ ਸਿੰਘ ਸੇਖਾ ਨੇ ਕਿਹਾ ਹੈ ਕਿ ਡਾ। ਥਿੰਦ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨਾਲ ਸੰਬੰਧਤ ਡੇਢ ਦਰਜਨ ਪੁਸਤਕਾਂ ਦੀ ਰਚਨਾ ਅਤੇ ਸੰਪਾਦਨਾ ਕੀਤੀ। ਉਨ੍ਹਾਂ ਦੇ ਲੱਗਭੱਗ 75 ਖੋਜ ਪੱਤਰ ਵੀ ਛਪ ਚੁੱਕੇ ਹਨ। ਉਹ ਵਧੀਆ ਅਧਿਆਪਕ, ਸਾਹਿਤਕਾਰ ਤੇ ਬਹੁਤ ਸੁਲਝੇ ਹੋਏ ਇਨਸਾਨ ਸਨ ਉਨ੍ਹਾਂ ਨੇ ਸ਼ਾਹਮੁਖੀ ਤੇ ਗੁਰਮੁਖੀ ਲਿਪੀਆਂ ਦੇ ਸਾਹਿਤ ਦਾ ਆਦਾਨ ਪ੍ਰਦਾਨ ਕਰਨ ਲਈ ਦੋਹਾਂ ਦੇਸ਼ਾਂ ਦੇ ਲੋਕਾਂ ਲਈ ਵਿਸ਼ੇਸ਼ ਕੰਮ ਕੀਤਾ। ਮੰਚ ਆਗੂਆਂ ਵੱਲੋਂ ਸੁਰਿੰਦਰ ਕੌਰ ਚੌਹਾਨ ਦੀ ਮੌਤ ਉਪਰ ਵੀ ਦੁੱਖ ਜ਼ਾਹਰ ਕੀਤਾ ਗਿਆ ਹੈ। ਇਸੇ ਦੌਰਾਨ ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਦੇ ਸੰਚਾਲਕ ਸਤੀਸ਼ ਗੁਲਾਟੀ ਨੇ ਵੀ ਇਨ੍ਹਾਂ ਸਾਹਿਤਕਾਰਾਂ ਦੇ ਸਦੀਵੀ ਵਿਛੋੜੇ ਉਪਰ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ।

# ਭਾਰਤ ਵਿਚ ਓਮੀਕਰੋਨਾਂ ਕੇਸਾਂ ਵਿਚ ਲਗਾਤਾਰ ਵਾਧਾ-ਪ੍ਰਧਾਨ ਮੰਤਰੀ ਦਾ ਦੁਬਈ ਦੌਰਾ ਮੁਲਤਵੀ

ਨਵੀ ਦਿੱਲੀ-ਦੇਸ਼ ਅੰਦਰ ਕਰੋਨਾਵਾਇਰਸ ਤੇ ਇਸ ਦੇ ਨਵੇਂ ਸਰੂਪ ਓਮੀਕਰੋਨ ਦੇ ਕੇਸਾਂ 'ਚ ਲਗਾਤਾਰ ਵਾਧਾ ਹੋਣ ਕਾਰਨ ਕੇਂਦਰ ਸਰਕਾਰ ਤੇ ਰਾਜ ਸਰਕਾਰਾਂ ਦੀ ਚਿੰਤਾ ਵਧ ਗਈ ਹੈ ਅਤੇ ਕੁਝ ਰਾਜਾਂ ਵੱਲੋਂ ਇਹਤਿਆਤ ਵਜੋਂ ਨਵੀਆਂ ਪਾਬੰਦੀਆਂ ਲਾਈਆਂ ਜਾ ਰਹੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਅਗਲੇ ਮਹੀਨੇ ਹੋਣ ਵਾਲਾ ਸੰਯੁਕਤ ਅਰਬ ਅਮੀਰਾਤ ਦਾ ਦੌਰਾ ਵੀ ਮੁਲਤਵੀ ਕਰ ਦਿੱਤਾ ਗਿਆ ਹੈ। ਉੱਧਰ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਵੀ ਕਰੋਨਾ ਦੇ ਹਾਲਾਤ ਦੀ ਸਮੀਖਿਆ ਲਈ ਮੀਟਿੰਗ ਕੀਤੀ ਤੇ ਪਾਬੰਦੀਆਂ ਮੁੜ ਲਾਉਣ ਦੇ ਸੰਕੇਤ ਦਿੱਤੇ। ਇਸੇ ਦੌਰਾਨ ਦਿੱਲੀ ਆਫ਼ਤ ਪ੍ਰਬੰਧਨ ਅਥਾਰਿਟੀ ਨੇ ਅੱਜ ਫ਼ੈਸਲਾ ਕੀਤਾ ਕਿ ਦਿੱਲੀ 'ਚ 'ਯੈਲੋ ਅਲਰਟ' ਤਹਿਤ ਕਰੋਨਾ ਪਾਬੰਦੀਆਂ ਫਿਲਹਾਲ ਜਾਰੀ ਰਹਿਣਗੀਆਂ ਤੇ ਨਵੀਆਂ ਪਾਬੰਦੀਆਂ ਤੋਂ ਪਹਿਲਾਂ ਅਧਿਕਾਰੀ ਕੁਝ ਸਮਾਂ ਸਥਿਤੀ ਦੀ ਨਿਗਰਾਨੀ ਕਰਨਗੇ। ਪ੍ਰਾਪਤ ਜਾਣਕਾਰੀ ਅਨੁਸਾਰ ਦੇਸ਼ ਦੇ 21 ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ 'ਚ ਹੁਣ ਤੱਕ ਓਮੀਕਰੋਨ ਦੇ ਕੁੱਲ 781 ਕੇਸ ਸਾਹਮਣੇ ਆਏ ਹਨ ਜਿਨ੍ਹਾਂ 'ਚੋਂ 241 ਵਿਅਕਤੀ ਜਾਂ ਤਾਂ ਸਿਹਤਯਾਬ ਹੋ ਚੁੱਕੇ ਹਨ ਜਾਂ ਵਿਦੇਸ਼ ਜਾ ਚੁੱਕੇ ਹਨ। ਕੇਂਦਰੀ ਸਿਹਤ ਮੰਤਰਾਲੇ ਨੇ ਅੱਜ ਦੱਸਿਆ ਕਿ ਦਿੱਲੀ 'ਚ ਸਭ ਤੋਂ ਵੱਧ 238 ਕੇਸ ਦਰਜ ਕੀਤੇ ਗਏ ਹਨ ਜਦਕਿ ਬੀਤੇ ਦਿਨ ਇੱਥੇ ਓਮੀਕਰੋਨ ਦੇ 165 ਕੇਸ ਸਨ। ਇਸੇ ਦੌਰਾਨ ਦਿੱਲੀ ਸਰਕਾਰ ਵੱਲੋਂ ਮੈਟਰੋ ਤੇ ਬੱਸਾਂ ਵਿੱਚ 50 ਫੀਸਦ ਸਮਰੱਥਾ ਨਾਲ ਹੀ ਸਵਾਰੀਆਂ ਦੇ ਸਫ਼ਰ ਕਰਨ ਦੇ ਆਦੇਸ਼ਾਂ ਮਗਰੋਂ ਮੈਟਰੋ ਸਟੇਸ਼ਨਾਂ ਤੇ ਬੱਸ ਅੱਡਿਆਂ ਉੱਪਰ ਆਮ ਲੋਕਾਂ ਦੀਆਂ ਲੰਮੀ ਕਤਾਰਾਂ ਦੇਖੀਆਂ ਗਈਆਂ ਅਤੇ ਲੋਕ ਦੇਰੀ ਨਾਲ ਆਪਣੀਆਂ ਮੰਜ਼ਿਲਾਂ ਉਪਰ ਪੁੱਜੇ। ਮੈਟਰੋ ਦੇ ਕੁੱਲ ਸਟੇਸ਼ਨਾਂ ਦੇ 712 ਗੇਟਾਂ ਵਿੱਚੋਂ 444 ਹੀ ਖੋਲ੍ਹੇ ਜਾਣ ਕਾਰਨ ਇਹ ਕਤਾਰਾਂ ਲੱਗੀਆਂ। ਦਿੱਲੀ ਮੈਟਰੋ ਤੇ ਬੱਸਾਂ ਵਿੱਚ ਹੁਣ ਖੜ੍ਹੇ ਹੋ ਕੇ ਸਵਾਰੀ ਕਰਨ ਦੀ ਆਗਿਆ ਵੀ ਨਹੀਂ ਦਿੱਤੀ ਗਈ। ਮੈਟਰੋ ਪ੍ਰਸ਼ਾਸਨ ਵੱਲੋਂ ਕਈ ਸਟੇਸ਼ਨਾਂ ਉੱਪਰ ਇਕ ਸਮੇਂ ਸਿਰਫ਼ 15 ਲੋਕਾਂ ਨੂੰ ਸਟੇਸ਼ਨ ਵਿੱਚ ਦਾਖ਼ਲ ਹੋਣ ਦਿੱਤਾ ਜਾਂਦਾ ਹੈ। ਇਸੇ ਦੌਰਾਨ ਦਿੱਲੀ ਦੇ ਸਿਹਤ ਮੰਤਰੀ ਸਤੇਂਦਰ ਜੈਨ ਨੇ ਕਿਹਾ ਕਿ ਕੌਮਾਂਤਰੀ ਉਡਾਣਾਂ 'ਤੇ ਪਾਬੰਦੀ ਨਾ ਲਾਉਣ ਕਾਰਨ ਦੇਸ਼ 'ਚ ਕਰੋਨਾ ਦੇ ਕੇਸ ਵੱਧ ਰਹੇ ਹਨ।






# ਨਵਜੋਤ ਸਿੰਘ ਸਿੱਧੂ ਵੱਲੋਂ ਪੁਲਿਸ ਖਿਲਾਫ ਭੱਦੀ ਸ਼ਬਦਾਵਲੀ ਵਰਤਣ ਤੇ ਮਾਣਹਾਨੀ ਨੋਟਿਸ

ਚੰਡੀਗੜ੍ਹ-ਪੰਜਾਬ ਕਾਂਗਰਸ ਤੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੱਲੋਂ ਪੁਲੀਸ ਖ਼ਿਲਾਫ਼ ਵਰਤੀ ਗਈ ਇਤਰਾਜ਼ਯੋਗ ਸ਼ਬਦਾਵਲੀ ਨੂੰ ਲੈ ਕੇ ਵਿਵਾਦ ਭਖਦਾ ਜਾ ਰਿਹਾ ਹੈ। ਇਸ ਮਾਮਲੇ ਨੂੰ ਲੈ ਕੇ ਚੰਡੀਗੜ੍ਹ ਪੁਲੀਸ ਦੇ ਇੱਕ ਅਧਿਕਾਰੀ ਨੇ ਸਿੱਧੂ ਨੂੰ ਮਾਣਹਾਨੀ ਨੋਟਿਸ ਭੇਜਿਆ ਹੈ ਜਦਕਿ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਡਾ. ਦਲਜੀਤ ਸਿੰਘ ਚੀਮਾ ਨੇ ਨਵਜੋਤ ਸਿੰਘ ਸਿੱਧੂ ਦੀ ਆਲੋਚਨਾ ਕੀਤੀ ਹੈ। ਚੰਡੀਗੜ੍ਹ ਦੇ ਡੀਐੱਸਪੀ ਦਿਲਸ਼ੇਰ ਸਿੰਘ ਚੰਡੇਲ ਨੇ ਕਿਹਾ ਕਿ ਮੈਂ, ਪੁਲੀਸ ਖ਼ਿਲਾਫ਼ ਇਤਰਾਜ਼ਯੋਗ ਟਿੱਪਣੀ ਨੂੰ ਲੈ ਕੇ ਸਿੱਧੂ ਨੇ ਮਾਣਹਾਨੀ ਨੋਟਿਸ ਭੇਜਿਆ ਹੈ। ਜਲੰਧਰ (ਦਿਹਾਤੀ) ਵਿੱਚ ਤਾਇਨਾਤ ਸਬ ਇੰਸਪੈਕਟਰ ਬਲਬੀਰ ਸਿੰਘ ਨੇ ਵੀਡੀਓ ਮੈਸੇਜ ਜਾਰੀ ਕਰਕੇ ਸਿੱਧੂ ਦੀ ਟਿੱਪਣੀ ਦੀ ਨਿਖੇਧੀ ਕੀਤੀ ਹੈ। ਐੱਸਆਈ ਨੇ ਕਿਹਾ ਹੈ, "ਇੱਕ ਸੀਨੀਅਰ ਨੇਤਾ ਵੱਲੋਂ ਸਾਡੇ ਖ਼ਿਲਾਫ਼ ਵਰਤੀ ਗਈ ਸ਼ਬਦਾਵਲੀ ਦੀ ਮੈਂ ਨਿਖੇਧੀ ਕਰਦਾ ਹਾਂ।" ਡਾ. ਚੀਮਾ ਨੇ ਕਿਹਾ ਕਿ ਨਵਜੋਤ ਸਿੱਧੂ ਵੱਲੋਂ ਪੰਜਾਬ ਪੁਲੀਸ ਖ਼ਿਲਾਫ਼ ਨੀਵੇਂ ਪੱਧਰ ਦੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਗ੍ਰਹਿ ਮੰਤਰੀ ਸੁਖਜਿੰਦਰ ਰੰਧਾਵਾ ਮੂਕ ਦਰਸ਼ਕ ਬਣ ਕੇ ਬੈਠੇ ਹਨ। ਇਸੇ ਦੌਰਾਨ ਲੁਧਿਆਣਾ ਤੋਂ ਕਾਂਗਰਸ ਦੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਚੰਡੀਗੜ੍ਹ ਪੁਲੀਸ ਦੇ ਡੀਐੱਸਪੀ ਅਤੇ ਪੰਜਾਬ ਪੁਲੀਸ ਦੇ ਐੱਸਆਈ ਬਲਬੀਰ ਸਿੰਘ ਦੀਆਂ ਵੀਡੀਓਜ਼ ਤੇ ਕੁਮੈਂਟ ਕਰਦਿਆਂ ਪੁਲੀਸ ਵੱਲੋਂ ਹੁਣ ਤੱਕ ਵੱਖ-ਵੱਖ ਮੋਰਚਿਆਂ ਉੱਤੇ ਨਿਭਾਈਆਂ ਗਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਹੈ। ਇਕ ਹੋਰ ਖਬਰ ਮੁਤਾਬਿਕ ਭਾਰੀ ਦਬਾਅ ਅਤੇ ਨਿੰਦਾ ਉਪਰੰਤ ਸਿੱਧੂ ਨੇ ਆਪਣੇ ਸ਼ਬਦ ਵਾਪਿਸ ਲੈਂਦਿਆਂ ਕਿਹਾ ਹੈ ਕਿ ਉਹ ਪੁਲਿਸ ਦਾ ਸਨਮਾਨ ਕਰਦੇ ਹਨ।

# ਪੰਜਾਬ ਨੂੰ ਚੁਟਕਲੇ ਸੁਣਾਉਣ ਵਾਲੇ ਨਹੀ ਸਿਆਣੇ ਤੇ ਦੂਰ ਅੰਦੇਸ਼ ਮੁੱਖ ਮੰਤਰੀ ਦੀ ਲੋੜ-ਸੁਖਬੀਰ




ਅੰਮ੍ਰਿਤਸਰ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਪੰਜਾਬ ਨੂੰ ਇੱਕ ਅਜਿਹੇ ਯੋਗ ਮੁੱਖ ਮੰਤਰੀ ਦੀ ਲੋੜ ਹੈ ਜੋ ਸੂਬੇ ਦੀ ਖੁਸ਼ਹਾਲੀ ਤੇ ਤਰੱਕੀ ਲਈ ਦੂਰਦ੍ਰਿਸ਼ਟੀ ਰੱਖਦਾ ਹੋਵੇ ਨਾ ਕਿ ਚੁਟਕਲੇ ਸੁਣਾਉਣ ਤੇ ਹਾਸੇ ਪਾਉਣ ਵਾਲਾ ਹੋਵੇ। ਉਨ੍ਹਾਂ ਆਖਿਆ ਕਿ ਅਕਾਲੀ-ਬਸਪਾ ਗੱਠਜੋੜ ਦੀ ਸਰਕਾਰ ਬਣਨ ਮਗਰੋਂ ਨਵੀਂ ਟਰਾਂਸਪੋਰਟ ਨੀਤੀ ਲਿਆਂਦੀ ਜਾਵੇਗੀ, ਜਿਸ ਤਹਿਤ ਟਰਾਂਸਪੋਰਟ ਭਲਾਈ ਬੋਰਡ ਵੀ ਸਥਾਪਤ ਕੀਤਾ ਜਾਵੇਗਾ। ਇੱਥੇ ਪ੍ਰੈੱਸ ਕਾਨਫਰੰਸ ਮੌਕੇ ਉਨ੍ਹਾਂ ਕਿਹਾ ਕਿ ਜੇਕਰ ਲੋਕਾਂ ਨੇ ਉਨ੍ਹਾਂ ਨੂੰ ਮੁੜ ਸੱਤਾ ਵਿੱਚ ਆਉਣ ਦਾ ਮੌਕਾ ਦਿੱਤਾ ਤਾਂ ਨਵੀਂ ਟਰਾਂਸਪੋਰਟ ਨੀਤੀ ਲਿਆਂਦੀ ਜਾਵੇਗੀ ਜਿਸ ਤਹਿਤ ਟਰੱਕ ਯੂਨੀਅਨਾਂ ਬਹਾਲ ਕਰ ਕੇ ਛੋਟੇ ਟਰੱਕ ਅਪਰੇਟਰਾਂ ਨੂੰ ਰੁਜ਼ਗਾਰ ਦਿੱਤਾ ਜਾਵੇਗਾ। ਯੂਨੀਅਨਾਂ ਵਿੱਚ ਸਿਆਸੀ ਦਖ਼ਲ ਰੋਕਿਆ ਜਾਵੇਗਾ ਅਤੇ ਸਿਰਫ਼ ਇਸ ਦੇ ਮੈਂਬਰਾਂ ਦੇ ਹੀ ਪ੍ਰਧਾਨ ਬਣ ਸਕਣ ਸਬੰਧੀ ਨਿਯਮ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ 25 ਕਰੋੜ ਰੁਪਏ ਦੇ ਫੰਡ ਨਾਲ ਟਰਾਂਸਪੋਰਟ ਭਲਾਈ ਬੋਰਡ ਸਥਾਪਤ ਕੀਤਾ ਜਾਵੇਗਾ। ਇਸੇ ਤਰ੍ਹਾਂ ਸਕੂਲ ਵੈਨ ਵਾਲਿਆਂ ਨੂੰ ਕਮਰਸ਼ੀਅਲ ਵਾਹਨਾਂ ਦੇ ਮੁਕਾਬਲੇ ਘੱਟ ਟੈਕਸ ਲਾਇਆ ਜਾਵੇਗਾ। ਆਟੋ ਰਿਕਸ਼ਾ ਦੀ ਥਾਂ 'ਤੇ ਈ-ਰਿਕਸ਼ਾ ਲਿਆਉਣ ਦੀ ਨੀਤੀ ਬਣਾਈ ਜਾਵੇਗੀ ਜਿਸ ਤਹਿਤ ਨਾਂਮਾਤਰ ਵਿਆਜ 'ਤੇ ਈ-ਰਿਕਸ਼ਾ ਉਪਲਬਧ ਹੋਣਗੇ। ਅਜਿਹੀ ਵਿਵਸਥਾ ਕੀਤੀ ਜਾਵੇਗੀ, ਜਿਸ ਤਹਿਤ ਆਟੋ ਰਿਕਸ਼ਾ ਵੀ ਵਿਕ ਸਕਣ। ਈ-ਰਿਕਸ਼ਾ ਲਈ ਕੋਈ ਰਜਿਸਟਰੇਸ਼ਨ ਫ਼ੀਸ ਨਹੀਂ ਹੋਵੇਗੀ। ਇਸ ਤੋਂ ਇਲਾਵਾ ਡਰਾਈਵਰ, ਰਿਕਸ਼ਾ ਮਾਲਕ ਆਦਿ ਦਾ ਦਸ ਲੱਖ ਰੁਪਏ ਦਾ ਐਕਸੀਡੈਂਟਲ ਤੇ ਸਿਹਤ ਬੀਮਾ ਕੀਤਾ ਜਾਵੇਗਾ। ਕੁਦਰਤੀ ਮੌਤ ਹੋਣ 'ਤੇ ਤਿੰਨ ਲੱਖ ਰੁਪਏ ਅਤੇ ਹਾਦਸੇ ਵਿੱਚ ਮੌਤ ਹੋਣ 'ਤੇ ਚਾਰ ਲੱਖ ਰੁਪਏ ਬੀਮਾ ਰਾਸ਼ੀ ਮਿਲੇਗੀ। ਮੁੱਖ ਮੰਤਰੀ ਲਈ ਖ਼ੁਦ ਨੂੰ ਉਮੀਦਵਾਰ ਮੰਨ ਰਹੇ ਕਾਂਗਰਸ ਦੇ ਨਵਜੋਤ ਸਿੱਧੂ ਅਤੇ 'ਆਪ' ਦੇ ਭਗਵੰਤ ਮਾਨ ਬਾਰੇ ਸ੍ਰੀ ਬਾਦਲ ਨੇ ਆਖਿਆ ਕਿ ਸੂਬੇ ਦੇ ਲੋਕਾਂ ਨੂੰ ਹਸਾਉਣ ਵਾਲੇ ਅਤੇ ਚੁਟਕਲੇ ਸੁਣਾਉਣ ਵਾਲੀ ਸ਼ਖ਼ਸੀਅਤ ਦੀ ਥਾਂ ਅਜਿਹੀ ਸ਼ਖ਼ਸੀਅਤ ਵਾਲੇ ਮੁੱਖ ਮੰਤਰੀ ਦੀ ਲੋੜ ਹੈ ਜੋ ਸੂਬੇ ਨੂੰ ਤਰੱਕੀ ਤੇ ਖੁਸ਼ਹਾਲੀ ਦੀ ਲੀਹ 'ਤੇ ਲਿਜਾ ਸਕੇ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਦੋਸ਼ ਲਾਇਆ ਕਿ ਸ੍ਰੀ ਸਿੱਧੂ ਦੇ ਰਵੱਈਏ ਕਾਰਨ ਕਾਂਗਰਸ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ ਅਤੇ ਕਾਂਗਰਸੀ ਆਗੂ ਪਾਰਟੀ ਛੱਡ ਕੇ ਹੋਰ ਪਾਰਟੀਆਂ ਵਿੱਚ ਜਾ ਰਹੇ ਹਨ।

# ਮਹਾਤਮਾ ਗਾਧੀ ਤੇ ਮੁਸਲਮਾਨਾਂ ਖਿਲਾਫ ਭੜਕਾਊ ਭਾਸ਼ਣ ਦੇਣ ਵਾਲੇ ਹਿੰਦੂ ਪ੍ਰਚਾਰਕਾਂ ਖ਼ਿਲਾਫ਼ ਕੇਸ ਦਰਜ

ਪੁਣੇ-ਇੱਥੇ ਇੱਕ ਸਮਾਗਮ ਮੌਕੇ ਭੜਕਾਊ ਭਾਸ਼ਣ ਦੇਣ ਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਹਿੰਦੂ ਪ੍ਰਚਾਰਕ ਕਾਲੀਚਰਨ ਮਹਾਰਾਜ, ਸੱਜੇ ਪੱਖੀ ਆਗੂ ਮਿਲਿੰਦ ਏਕਬੋਟੇ ਤੇ ਚਾਰ ਹੋਰ ਜਣਿਆਂ ਖ਼ਿਲਾਫ਼ ਪੁਲੀਸ ਨੇ ਕੇਸ ਦਰਜ ਕੀਤਾ ਹੈ। ਬੀਤੀ 19 ਨਵੰਬਰ ਨੂੰ ਏਕਬੋਟੇ ਦੇ 'ਸਮਸਤ ਹਿੰਦੂ ਅਗਾੜੀ' ਜਥੇਬੰਦੀ ਵੱਲੋਂ ਮਹਾਰਾਸ਼ਟਰ ਵਿੱਚ ਛਤਰਪਤੀ ਸ਼ਿਵਾਜੀ ਮਹਾਰਾਜ ਵੱਲੋਂ ਮੁਗਲ ਸੈਨਾਪਤੀ ਅਫਜ਼ਲ ਖਾਨ ਨੂੰ ਮਾਰ ਮੁਕਾਉਣ ਦੇ ਦਿਨ 'ਸ਼ਿਵ ਪ੍ਰਤਾਪ ਦਿਨ' ਨਾਮੀਂ ਸਮਾਗਮ ਕਰਵਾਇਆ ਗਿਆ ਸੀ। ਪੁਲੀਸ ਮੁਤਾਬਕ ਸਮਾਗਮ ਵਿੱਚ ਕਾਲੀਚਰਨ ਮਹਾਰਾਜ, ਏਕਬੋਟੇ, ਕੈਪਟਨ ਦਿਗੇਂਦਰ ਕੁਮਾਰ (ਸੇਵਾਮੁਕਤ) ਤੇ ਹੋਰ ਹਾਜ਼ਰ ਸਨ। ਕੇਸ ਮੁਤਾਬਕ ਸਾਰੇ ਕਥਿਤ ਦੋਸ਼ੀਆਂ ਨੇ ਮੁਸਲਮਾਨਾਂ ਤੇ ਇਸਾਈਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਤੇ ਲੋਕਾਂ ਵਿਚਾਲੇ ਫ਼ਿਰਕੂ ਲੜਾਈ ਕਰਵਾਉਣ ਦੀ ਮਨਸ਼ਾ ਨਾਲ ਭੜਕਾਊ ਭਾਸ਼ਣ ਦਿੱਤੇ।

ਰਾਏਪੁਰ-ਛੱਤੀਸਗੜ੍ਹ ਦੀ ਰਾਜਧਾਨੀ ਰਾਏਪੁਰ ਚ ਮਹਾਤਮਾ ਗਾਂਧੀ ਬਾਰੇ ਅਪਮਾਨਜਨਕ ਟਿੱਪਣੀ ਕਰਨ ਦਾ ਮਾਮਲਾ ਦਰਜ ਹੋਣ ਤੋਂ ਬਾਅਦ ਕਥਿਤ ਧਾਰਮਿਕ ਗੁਰੂ ਕਾਲੀਚਰਨ ਮਹਾਰਾਜ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਆਪਣੇ ਕਹੇ 'ਤੇ ਪਛਤਾਵਾ ਨਹੀਂ ਹੈ। ਉਨ੍ਹਾਂ ਨੇ ਇਥੇ ਰਾਵਣਭੱਠ ਮੈਦਾਨ ਚ ਐਤਵਾਰ ਸ਼ਾਮ ਨੂੰ ਦੋ ਰੋਜ਼ਾ ਧਰਮ ਸੰਸਦ ਦੇ ਆਖਰੀ ਦਿਨ ਆਪਣੇ ਭਾਸ਼ਨ ਦੌਰਾਨ ਰਾਸ਼ਟਰ ਪਿਤਾ ਵਿਰੁੱਧ ਅਪਮਾਨਜਨਕ ਟਿੱਪਣੀਆਂ ਕੀਤੀਆਂ ਸਨ ਅਤੇ ਉਨ੍ਹਾਂ ਦੇ ਕਾਤਲ ਨੱਥੂਰਾਮ ਗੋਡਸੇ ਦੀ ਤਾਰੀਫ ਕੀਤੀ ਸੀ।

ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ

S & S
Jewellers Ltd.



Authorized Dealer
20% OFF SEIKO, PULSAR
ALL Watches
(3 Yrs Limited Warranty)



Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals

Diamond Ring 50% Off

Surjit S. Kanda * Avtar S. Kanda
604.582.5849
9269 - 120 St. Delta BC V4C 6R8

DAY AND NIGHT LABOUR LTD.

ਗਰੀਨ ਹਾਊਸ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

ਸੰਪਾਦਕੀ

# ਕਿਸਾਨ ਮੋਰਚਾ ਬਨਾਮ ਸਿਆਸੀ ਦਲਦਲ...

**ਸੁਖਵਿੰਦਰ ਸਿੰਘ ਚੋਹਲਾ**

ਰਾਜਨੀਤੀ ਤੋਂ ਨਿਰਲੇਪ ਰਹਿੰਦਿਆਂ ਤਿੰਨ ਖੇਤੀ ਕਨੂੰਨਾਂ ਖਿਲਾਫ ਸੰਘਰਸ਼ ਦੀ ਜੇਤੂ ਗਾਥਾ ਨੂੰ ਇਤਿਹਾਸ ਦੇ ਪੰਨਿਆਂ ਉਪਰ ਲਿਖਣ ਵਾਲਾ ਸੰਯੁਕਤ ਕਿਸਾਨ ਮੋਰਚਾ ਆਖਰ ਰਾਜਨੀਤੀ ਦੀ ਦਲਦਲ ਵਿਚ ਫਸਦਾ ਦਿਖਾਈ ਦੇ ਰਿਹਾ ਹੈ।

ਸੰਯੁਕਤ ਕਿਸਾਨ ਮੋਰਚਾ ਜਿਸਨੇ ਦੇਸ਼ ਦੀ ਰਾਜਧਾਨੀ ਦਿੱਲੀ ਦੇ ਬਾਹਰ ਡੇਢ ਸਾਲ ਲੰਬਾ ਜਾਨ ਹੂਲਵਾਂ ਸੰਘਰਸ਼ ਕਰਦਿਆਂ ਮੋਦੀ ਸਰਕਾਰ ਨੂੰ ਤਿੰਨ ਖੇਤੀ ਕਨੂੰਨ ਰੱਦ ਕਰਨ ਲਈ ਮਜ਼ਬੂਰ ਕਰ ਦਿੱਤਾ, ਨਾਲ ਸਬੰਧਿਤ 22 ਕਿਸਾਨ ਯੂਨੀਅਨਾਂ ਨੇ ਆਪਣਾ ਨਵਾਂ ਸਿਆਸੀ ਵਿੰਗ ਤਿਆਰ ਕਰਦਿਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਕੁੱਦਣ ਦਾ ਬਿਗਲ ਵਜਾ ਦਿੱਤਾ ਹੈ। ਬਜੁਰਗ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਹੇਠ ਨਵ ਗਠਿਤ ਸੰਯੁਕਤ ਸਮਾਜ ਮੋਰਚੇ ਨੇ ਕਿਸੇ ਵੀ ਰਵਾਇਤੀ ਸਿਆਸੀ ਪਾਰਟੀ ਨਾਲ ਗਠਜੋੜ ਨਾ ਕਰਦਿਆਂ ਇਕੱਲਿਆਂ ਪੰਜਾਬ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ ਉਪਰ ਆਪਣੇ ਉਮੀਦਵਾਰ ਉਤਾਰਨ ਦਾ ਐਲਾਨ ਕੀਤਾ ਹੈ। ਇਸ ਸਬੰਧੀ ਚੰਡੀਗੜ ਵਿਚ ਇਕ ਪ੍ਰੈਸ ਕਾਨਫਰੰਸ ਦੌਰਾਨ ਕਿਸਾਨ ਆਗੂ ਹਰਮੀਤ ਸਿੰਘ ਕਾਦੀਆਂ ਨੇ ਕਿਹਾ ਹੈ ਕਿ ਦਿੱਲੀ ਮੋਰਚੇ ਦੀ ਫਤਹਿ ਉਪਰੰਤ ਲੋਕਾਂ ਦੇ ਭਾਰੀ ਦਬਾਅ ਅਤੇ ਉਮੀਦਾਂ ਨੂੰ ਧਿਆਨ ਵਿਚ ਰੱਖਦਿਆਂ ਮੋਰਚੇ ਵਲੋਂ ਚੋਣਾਂ ਲੜਨ ਦਾ ਫੈਸਲਾ ਲਿਆ ਗਿਆ ਹੈ। ਦਾਅਵਾ ਹੈ ਕਿ 22 ਕਿਸਾਨ ਯੂਨੀਅਨਾਂ ਸਿੱਧੇ ਤੌਰ ਤੇ ਸੰਯੁਕਤ ਸਮਾਜ ਮੋਰਚੇ ਦਾ ਹਿੱਸਾ ਹਨ ਜਦੋਂਕਿ ਦੋ ਕਿਸਾਨ ਯੂਨੀਅਨਾਂ ਨੇ ਆਪਣੀ ਹਮਾਇਤ ਦਿੱਤੀ ਹੈ। ਉਹਨਾਂ ਦਾ ਕਹਿਣਾ ਹੈ ਕਿ ਸੰਯੁਕਤ ਸਮਾਜ ਮੋਰਚਾ ਕਿਸੇ ਪਾਰਟੀ ਨਾਲ ਗਠਜੋੜ ਨਹੀ ਕਰ ਰਿਹਾ ਪਰ ਹੋਰ ਪਾਰਟੀਆਂ ਦੇ ਆਗੂਆਂ ਦੇ ਮੋਰਚੇ ਵਿਚ ਸ਼ਾਮਲ ਹੋਣ ਉਪਰ ਕੋਈ ਪਾਬੰਦੀ ਨਹੀ। ਸੂਤਰਾਂ ਦਾ ਕਹਿਣਾ ਹੈ ਕਿ ਇਹ ਮੋਰਚਾ ਆਮ ਆਦਮੀ ਪਾਰਟੀ ਦੇ ਸੰਪਰਕ ਵਿਚ ਹੈ। ਸ਼ੋਸਲ ਮੀਡੀਆ ਉਪਰ ਆਮ ਆਦਮੀ ਪਾਰਟੀ ਵਲੋਂ ਕਿਸੇ ਕਿਸਾਨ ਆਗੂ ਨੂੰ ਮੁੱਖ ਮੰਤਰੀ ਦਾ ਚਿਹਰੇ ਬਣਾਏ ਜਾਣ ਦੀਆਂ ਚਰਚਾਵਾਂ ਇਸੇ ਲੜੀ ਨੂੰ ਅੱਗੇ ਤੋਰਨ ਵਾਲੀਆਂ ਹਨ। ਉਧਰ ਸੰਯੁਕਤ ਕਿਸਾਨ ਮੋਰਚੇ ਨਾਲ ਸਬੰਧਿਤ 22 ਕਿਸਾਨ ਯੂਨੀਅਨਾਂ ਵਲੋਂ ਚੋਣਾਂ ਦੇ ਐਲਾਨ ਨਾਲ ਮੋਰਚੇ ਦੀਆਂ ਪ੍ਰਮੁੱਖ ਧਿਰਾਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਅਤੇ ਕਿਰਤੀ ਕਿਸਾਨ ਯੂਨੀਅਨ ਨੇ ਅਸਹਿਮਤੀ ਪ੍ਰਗਟ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਉਹ ਕਿਸੇ ਵੀ ਹਾਲਤ ਵਿਚ ਮੋਰਚੇ ਦਾ ਹਿੱਸਾ ਨਹੀ ਬਣਨਗੇ। ਕਿਸਾਨ ਆਗੂ ਉਗਾਰਾਹਾਂ ਦਾ ਕਹਿਣਾ ਹੈ ਕਿ ਉਹਨਾਂ ਦਾ ਵਿਸ਼ਵਾਸ ਹੈ ਕਿ ਲੋਕ ਹੱਕਾਂ ਦੀ ਰਾਖੀ ਸੰਸਦ ਜਾਂ ਵਿਧਾਨ ਸਭਾ ਵਿਚ ਬੈਠਕੇ ਨਹੀ, ਲੋਕਾਂ ਲਈ ਸੰਘਰਸ਼ ਲੜਕੇ ਹੀ ਹੁੰਦੀ ਹੈ। ਉਗਾਰਾਹਾਂ ਨੇ ਸਪੱਸ਼ਟ ਕੀਤਾ ਹੈ ਕਿ ਉਹਨਾਂ ਦੀ ਯੂਨੀਅਨ ਕਿਸੇ ਵੀ ਚੋਣ ਪ੍ਰਕਿਰਿਆ ਦਾ ਹਿੱਸਾ ਨਹੀ ਬਣੇਗੀ ਤੇ ਨਾਹੀ ਇਸ ਲਈ ਕਿਸੇ ਨੂੰ ਹਮਾਇਤ ਦੇਵੇਗੀ। ਮੋਦੀ ਸਰਕਾਰ ਵਲੋਂ ਤਿੰਨ ਖੇਤੀ ਕਨੂੰਨ ਰੱਦ ਕੀਤੇ ਜਾਣ ਉਪਰੰਤ ਐਮ ਐਸ ਪੀ ਗਾਰੰਟੀ ਅਤੇ ਹੋਰ ਕਿਸਾਨ ਮੰਗਾਂ ਬਾਰੇ ਅਜੇ ਕੋਈ ਫੈਸਲਾ ਨਹੀ ਹੋਇਆ। ਇਹਨਾਂ ਮੰਗਾਂ ਲਈ ਸੰਘਰਸ਼ ਦਾ ਅਗਲਾ ਪੜਾਅ ਬਾਕੀ ਹੈ। ਅਗਰ ਕਿਸਾਨ ਯੂਨੀਅਨਾਂ ਆਪਣੀ ਲੜਾਈ ਅਧੂਰੀ ਛੱਡਕੇ ਚੋਣ ਰਾਜਨੀਤੀ ਵਿਚ ਉਲਝਦੀਆਂ ਤਾਂ ਇਹ ਕਿਸਾਨ ਸੰਘਰਸ਼ ਨਾਲ ਵਿਸਾਹਘਾਤ ਹੋਵੇਗਾ। ਚੋਣ ਵਿਰੋਧੀ ਕਿਸਾਨ ਯੂਨੀਅਨਾਂ ਨੇ 31 ਦਸੰਬਰ ਨੂੰ ਇਕ ਵੱਖਰੀ ਮੀਟਿੰਗ ਬੁਲਾਈ ਹੈ ਜਿਸ ਵਿਚ ਉਹ ਆਪਣੇ ਅਗਲੇਰੇ ਕਦਮ ਬਾਰੇ ਸਪੱਸ਼ਟ ਕਰਨਗੇ। ਕਿਸਾਨ ਆਗੂ ਰਾਕੇਸ਼ ਟਿਕੈਤ ਵੀ ਕਿਸਾਨ ਮੋਰਚੇ ਦੇ ਆਗੂਆਂ ਦੇ ਚੋਣ ਰਾਜਨੀਤੀ ਵਿਚ ਕੁੱਦਣ ਦੇ ਫੈਸਲੇ ਨਾਲ ਸਹਿਮਤ ਨਹੀ ਹਨ। ਉਹਨਾਂ ਦਾ ਕਹਿਣਾ ਹੈ ਕਿ ਕਿਸਾਨ ਸੰਘਰਸ਼ ਗੈਰ ਸਿਆਸੀ ਹੈ ਤੇ ਲੋਕ ਵਿਸ਼ਵਾਸ ਉਪਰ ਟਿਕਿਆ ਹੋਇਆ ਹੈ। ਮੋਰਚੇ ਦਾ ਕੋਈ ਵੀ ਆਗੂ ਆਪਣਾ ਰਾਹ ਚੁਣਨ ਦਾ ਹੱਕ ਰੱਖਦਾ ਹੈ ਪਰ ਇਹ ਜ਼ਰੂਰ ਹੈ ਕਿ ਇਹ ਰਾਹ ਮੋਰਚੇ ਲਈ ਨੁਕਸਾਨਦੇਹ ਹੈ। ਉਹਨਾਂ ਕਿਹਾ ਕਿ ਅਸੀ ਮੁੱਢ ਤੋਂ ਸਪੱਸ਼ਟ ਹਾਂ ਕਿ ਸੰਯੁਕਤ ਕਿਸਾਨ ਮੋਰਚਾ ਸਿਆਸਤ ਤੋਂ ਨਿਰਲੇਪ ਰਹਿੰਦਿਆਂ ਆਪਣੇ ਨਿਸ਼ਾਨੇ ਦੀ ਪੂਰਤੀ ਲਈ ਸੰਘਰਸ਼ ਜਾਰੀ ਰੱਖੇਗਾ। ਸੰਯੁਕਤ ਕਿਸਾਨ ਮੋਰਚੇ ਦੇ ਮੁੱਖ ਆਗੂਆਂ ਵਲੋਂ ਚੋਣ ਰਾਜਨੀਤੀ ਨਾਲ ਅਸਹਿਮਤੀ ਪ੍ਰਗਟ ਕਰਨ ਅਤੇ ਸੰਯੁਕਤ ਸਮਾਜ ਮੋਰਚੇ ਤੋਂ ਆਪਣੀ ਦੂਰੀ ਬਣਾਏ ਜਾਣ ਤੋਂ ਖਦਸ਼ਾ ਹੈ ਕਿ ਜਿਸ ਕਿਸਾਨ ਮੋਰਚੇ ਨੇ ਇਕਮੁੱਠ ਰਹਿੰਦਿਆਂ ਰਾਜਸੀ ਸ਼ਕਤੀਆਂ ਦੀਆਂ ਬੇਕਿਰਕ ਕੁਚਾਲਾਂ ਨੂੰ ਮਾਤ ਦੇਣ ਵਿਚ ਸਫਲਤਾ ਪ੍ਰਾਪਤ ਕੀਤੀ, ਉਹ ਮੋਰਚਾ ਕਿਤੇ ਬਿਖਰ ਨਾ ਜਾਵੇ। ਇਸਤੋਂ ਪਹਿਲਾਂ ਵੀ ਵੱਖ- ਵੱਖ ਵਿਚਾਰਧਾਰਾਵਾਂ ਨਾਲ ਸਬੰਧਿਤ ਕਿਸਾਨ ਆਗੂਆਂ ਵਿਚਾਲੇ ਮੱਤਭੇਦ ਸਾਹਮਣੇ ਆਉਂਦੇ ਰਹੇ ਹਨ ਪਰ ਕਿਸਾਨ ਮੋਰਚੇ ਦੀ ਪਿੱਠ ਪਿੱਛੇ ਖੜੀ ਲੋਕ ਸ਼ਕਤੀ ਨੇ ਉਹਨਾਂ ਨੂੰ ਆਪਣੇ ਨਿਸ਼ਾਨੇ ਤੋਂ ਭਟਕਣ ਨਹੀ ਦਿੱਤਾ। ਐਮ ਐਸ ਪੀ ਗਾਰੰਟੀ ਕਨੂੰਨ ਤੇ ਹੋਰ ਮੰਗਾਂ ਦਾ ਲੰਬਿਤ ਹੋਣਾ, ਅੱਜ ਵੀ ਇਕ ਵੱਡੀ ਚੁਣੌਤੀ ਹੈ। ਸੰਯੁਕਤ ਕਿਸਾਨ ਮੋਰਚੇ ਵਲੋਂ ਸਰਕਾਰ ਦੇ ਵਾਅਦਿਆਂ ਦੇ ਮੁਲਾਂਕਣ ਲਈ 15 ਜਨਵਰੀ ਨੂੰ ਮੀਟਿੰਗ ਨਿਸ਼ਚਿਤ ਹੈ ਪਰ ਉਸਤੋਂ ਪਹਿਲਾਂ ਹੀ ਕਿਸਾਨ ਮੋਰਚੇ ਦੇ ਕੁਝ ਆਗੂਆਂ ਦੀਆਂ ਸਿਆਸੀ ਉਚ ਇਛਾਵਾਂ ਮੋਰਚੇ ਲਈ ਮੁਸੀਬਤ ਬਣ ਸਕਦੀਆਂ ਹਨ।




ਕੇਂਦਰੀ ਖੇਤੀ ਮੰਤਰੀ ਤੋਮਰ ਦਾ ਖੇਤੀ ਕਨੂੰਨਾਂ ਬਾਰੇ ਤਾਜ਼ਾ ਬਿਆਨ ਵੀ ਸਮਝਣ ਵਾਲਾ ਹੈ। ਉਹਨਾਂ ਦਾ ਕਹਿਣਾ ਹੈ ਕਿ ਕੁਝ ਕਿਸਾਨ ਯੂਨੀਅਨਾਂ ਦੇ ਵਿਰੋਧ ਕਾਰਣ ਉਹਨਾਂ ਨੂੰ ਖੇਤੀ ਕਨੂੰਨ ਵਾਪਿਸ ਲੈਣੇ ਪਏ ਹਨ ਪਰ ਨਿਰਾਸ਼ ਹੋਣ ਦੀ ਲੋੜ ਨਹੀ। ਕਿਸਾਨੀ ਦੀ ਮਜ਼ਬੂਤੀ ਲਈ ਅਸੀ ਮੁੜ ਅੱਗੇ ਵਧਾਂਗੇ। ਤੋਮਰ ਦੇ ਇਸ ਬਿਆਨ ਦੀ ਭਾਵੇਂਕਿ ਵੱਡੇ ਪੱਧਰ ਤੇ ਆਲੋਚਨਾ ਹੋ ਰਹੀ ਹੈ ਪਰ ਉਹਨਾਂ ਵਲੋਂ ਅੱਜ ਵੀ ਖੇਤੀ ਕਨੂੰਨਾਂ ਦਾ ਕੁਝ ਧਿਰਾਂ ਦੇ ਵਿਰੋਧ ਦੇ ਜ਼ਿਕਰ ਤੋਂ ਸਪੱਸ਼ਟ ਹੈ ਕਿ ਮੋਦੀ ਸਰਕਾਰ ਨੇ ਇਹਨਾਂ 'ਕੁਝ' ਵਿਰੋਧੀ ਸੁਰਾਂ ਦਾ ਹੱਲ ਕੀ ਸੋਚ ਰੱਖਿਆ ਹੈ ?

ਕਿਸਾਨ ਅੰਦੋਲਨ ਤੋਂ ਵਕਤੀ ਤੇ ਨਿੱਜੀ ਲਾਭ ਸੋਚ ਰਹੇ ਕਿਸਾਨ ਆਗੂਆਂ ਤੇ ਕਿਸਾਨ ਹਿੱਤਾਂ ਨੂੰ ਸਮਰਪਿਤ ਧਿਰਾਂ ਵਿਚਾਲੇ ਨਿਖੇੜਾ ਸਪੱਸ਼ਟ ਹੈ। ਚਰਚਾ ਹੈ ਕਿ ਕੁਝ ਕਿਸਾਨ ਆਗੂ ਦਿੱਲੀ ਮੋਰਚੇ ਦੀ ਸਫਲਤਾ ਚੋ ਖੁਦ ਐਮ ਐਲ ਏ ਤੇ ਮੁੱਖ ਮੰਤਰੀ ਬਣਨ ਦੇ ਸੁਪਨੇ ਵੇਖ ਰਹੇ ਹਨ। ਸੁਪਨੇ ਲੈਣ ਵਿਚ ਕੋਈ ਹਰਜ਼ ਨਹੀ ਪਰ ਇਹਨਾਂ ਸੁਪਨਿਆਂ ਦੀ ਪੂਰਤੀ ਨੂੰ ਲੋਕ ਇੱਛਾ ਦਾ ਨਾਮ ਦੇਣਾ ਵੀ ਰਵਾਇਤੀ ਪਾਰਟੀਆਂ ਦੇ ਲੋਕ ਲੁਭਾਉ ਨਾਅਰਿਆਂ ਤੋਂ ਵੱਖ ਨਹੀ। ਸਮਾਜ ਸ਼ਾਸਤਰੀਆਂ ਦਾ ਮੰਨਣਾ ਹੈ ਕਿ ਕਿਸਾਨ ਮੋਰਚੇ ਦੇ ਆਗੂ ਆਪਣੀ ਸ਼ਕਤੀ ਨੂੰ ਇਕਮੁੱਠ ਰੱਖਦਿਆਂ ਦੇਸ਼ ਨੂੰ ਕੋਈ ਦਿਸ਼ਾ ਵਿਖਾ ਸਕਦੇ ਹਨ, ਲੋਕਾਂ ਨੂੰ ਉਹਨਾਂ ਤੋਂ ਅਜਿਹੀਆਂ ਉਮੀਦਾਂ ਵੀ ਹਨ ਪਰ ਉਹਨਾਂ ਦੇ ਖੁਦ ਚੋਣ ਰਾਜਨੀਤੀ ਵਿਚ ਉਲਝਣ ਦਾ ਨਤੀਜਾ ਪਿਛਲੀਆਂ ਲੋਕ ਲਹਿਰਾਂ ਤੋਂ ਵੱਖ ਕਿਆਸਣਾ ਖੁਦ ਫਰੇਬੀ ਵਾਲਾ ਹੈ। ਪਿਛਲੇ ਸਮੇ ਦੌਰਾਨ ਲੋਕ ਲਹਿਰਾਂ ਚੋ ਪੈਦਾ ਹੋਏ ਆਗੂ ਵੀ ਸਮਾਜ ਅਤੇ ਰਾਜਨੀਤੀ ਨੂੰ ਕੋਈ ਨਵੀ ਦਿਸ਼ਾ ਵਿਖਾਉਣ ਵਿਚ ਕਾਮਯਾਬ ਨਹੀ ਹੋਏ ਬਲਕਿ ਭ੍ਰਿਸ਼ਟ ਤੰਤਰ ਤੇ ਗੰਧਲੀ ਰਾਜਨੀਤੀ ਦਾ ਖੁਦ ਹਿੱਸਾ ਬਣ ਵਹਿ ਗਏ।

ਸੰਯੁਕਤ ਸਮਾਜ ਮੋਰਚਾ ਦੇ ਚੋਣ ਮੈਦਾਨ ਵਿਚ ਉਤਰਨ ਦੀ ਚੁਣੌਤੀ ਨੂੰ ਰਵਾਇਤੀ ਸਿਆਸੀ ਪਾਰਟੀਆਂ ਦਾ ਪ੍ਰਤੀਕਰਮ ਕਿਸੇ ਤੋਂ ਗੁੱਝਾ ਨਹੀ। ਜ਼ਾਹਰਾ ਰੂਪ ਵਿਚ ਇਸਦਾ ਸਵਾਗਤ ਹੀ ਹੋਵੇਗਾ ਤੇ ਉਹ ਇਹ ਵੀ ਸਾਬਿਤ ਕਰ ਦੇਣਗੇ ਕਿ ਸਿਆਸਤ ਤੇ ਸੱਤਾ ਦਾ ਹਮਾਮ ਸਭ ਲਈ ਇਕ ਹੈ...।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ

YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899

Tarlok (Tony) Chandi
778-858-7878

Arjun Singh
604.760.3661

# ਗੁਰਦੁਆਰਾ ਚੋਣਾਂ : ਗੁਰੂ ਘਰ ਦੀ ਸੇਵਾ ਜਾਂ ਮਹਾਂ ਪਾਪ ?

## ਕਈਆਂ ਨੂੰ ਸ਼ੰਕਾ ਹੋਵੇਗਾ ਕਿ ਗੁਰਦੁਆਰਿਆਂ ਦੀਆਂ ਚੋਣਾਂ ਪਾਪ ਕਿਉਂ ਹਨ ?

ਉੱਤਰ: ਹਰ ਉਹ ਕੰਮ ਜਿਸ ਨੂੰ ਕਰਨ ਕਰਕੇ ਸਿੱਖ ਪੰਥ ਦਾ ਨੁਕਸਾਨ ਹੋਵੇ, ਉਹ ਪਾਪ ਹੈ। ਜੋ ਕੰਮ ਗੁਰਬਾਣੀ ਵਿੑੁਧ ਕੀਤਾ ਜਾਵੇ ਉਹ ਮਹਾਂ ਪਾਪ ਹੈ। ਚੋਣਾਂ; ਸਿੱਖ ਪੰਥ ਨੂੰ ਕੈਂਸਰ ਵਾਂਗੂੰ ਅੰਦਰੋਂ-ਅੰਦਰ ਖਾ ਰਹੀਆਂ ਹਨ, ਧੜੇਬੰਦੀ ਬਣਾ ਕੇ ਪਾਟਕ ਪਾਉਂਦੀਆਂ ਹਨ। ਹੋਰ ਕਿਸੇ ਧਰਮ ਵਿੱਚ ਚੋਣਾਂ ਨਹੀਂ ਕੇਵਲ ਅਸਾਡੇ ਪੰਥ ਵਿੱਚ ਹੀ ਹਨ। ਜਿੱਥੇ ਚੋਣਾਂ ਨਹੀਂ ਹੁੰਦੀਆਂ ਉਹ ਅਸਾਡੇ ਤੋਂ ਸੁਖੀ ਵੱਸਦੇ ਹਨ। ਸੋਚਣ ਦੀ ਲੋੜ ਹੈ: ਜਿਸ ਦਿਨ ਤੋਂ ਅਸਾਡੇ ਵਿੱਚ ਚੋਣ ਪ੍ਰਣਾਲੀ ਆਈ, ਕੀ ਅਸੀਂ ਉਸ ਦਿਨ ਤੋਂ ਲੈਕੇ ਅੱਜ ਤੱਕ ਵਧੇ ਹਾਂ ਜਾਂ ਘਟੇ ਹਾਂ? ਅਸੀਂ ਚੋਣਾਂ ਕਾਰਨ ਘਟੇ ਹਾਂ, ਜਿੱਥੇ ਚੋਣਾਂ ਨਹੀਂ ਹੁੰਦੀਆਂ ਉਹ ਪੰਥ ਵਧੇ ਹਨ।



ਠਾਕੁਰ ਦਲੀਪ ਸਿੰਘ

ਸਿੱਖਾਂ ਨੂੰ ਗੁਰਬਾਣੀ ਅਨੁਸਾਰ ਜੀਵਨ ਜਿਉਣਾ ਚਾਹੀਦਾ ਹੈ। ਗੁਰਬਾਣੀ ਵਿੱਚ ਤਾਂ ਆਪਸ ਵਿੱਚ ਮਿਲ਼ਨ ਦੀ ਸੋਭਾ ਲਿਖੀ ਗਈ ਹੈ। ਭਾਵ: ਆਪਸ ਵਿੱਚ ਮਿਲ਼ ਕੇ ਰਹਿਣ ਦਾ ਹੁਕਮ ਹੈ:- "ਮਿਲਬੇ ਕੀ ਮਹਿਮਾ ਬਰਨਿ ਨ ਸਾਕਉ ਨਾਨਕ ਪਰੈ ਪਰੀਲਾ ॥"(ਅੰਗ:- 498) ਲੜਬੇ ਕੀ ਮਹਿਮਾ ਤਾਂ ਗੁਰਬਾਣੀ ਵਿੱਚ ਕਿਤੇ ਵੀ ਨਹੀਂ ਲਿਖਿਆ। ਕੀ ਚੋਣਾਂ ਵਿੱਚ ਸਿੱਖ ਆਪਸ ਵਿੱਚ ਲੜਦੇ ਹਨ ਜਾਂ ਮਿਲਦੇ ਹਨ? ਸੋਚਣ ਦੀ ਲੋੜ ਹੈ! ਕੀ ਆਪਸ ਵਿੱਚ ਲੜਨਾ ਅਤੇ ਸਿੱਖਾਂ ਨੂੰ ਲੜਾਉਣਾ ਮਹਾਂ-ਪਾਪ ਨਹੀਂ? ਜੇ ਆਪਸ ਵਿੱਚ ਲੜਨਾ ਅਤੇ ਸਿੱਖਾਂ ਨੂੰ ਲੜਾਉਣਾ ਪਾਪ ਨਹੀਂ ਤਾਂ ਫਿਰ ਹੋਰ ਕਿਹੜਾ ਕੰਮ ਪਾਪ ਹੈ?

ਅੱਜ ਸਿੱਖ ਪੰਥ ਨੂੰ ਲੋੜ ਹੈ ਕਿ ਗੁਰਦੁਆਰਾ ਪ੍ਰਬੰਧ ਲਈ ਚੋਣਾਂ ਦੀ ਥਾਂ ਤੇ ਸਰਬ ਸੰਮਤੀ ਕੀਤੀ ਜਾਵੇ। ਚੋਣਾਂ ਕਾਰਨ ਸਿੱਖ ਪੰਥ ਦਾ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ। ਆਪਸੀ ਵਿਰੋਧ ਵਧ ਰਿਹਾ ਹੈ, ਜਿਸ ਕਾਰਨ ਸੰਗਤ ਦੀ ਸ਼ਰਧਾ ਦਿਨੋ ਦਿਨ ਘਟ ਕੇ ਪੰਥ ਘਟ ਰਿਹਾ ਹੈ। ਸਿੱਖੀ ਸ਼ਰਧਾ ਨਾਲ ਹੈ, ਚੋਣਾਂ ਨਾਲ ਨਹੀਂ। ਬਾਣੀ ਵਿੱਚ ਲਿਖਿਆ ਹੈ: "ਸਤਿਗੁਰੁ ਕੀ ਨਿਤ ਸਰਧਾ ਲਾਗੀ ਮੋਕਉ" (ਅੰਗ: 982) ਅਤੇ ਉੱਥੇ ਇਹ ਵੀ ਸਪਸ਼ਟ ਕੀਤਾ ਹੈ ਸਾਧ ਸੰਗਤ ਵਿੱਚ ਮਿਲ਼ਨ ਨਾਲ ਸ਼ਰਧਾ ਬਣਦੀ ਹੈ ਅਤੇ ਵੱਧਦੀ ਹੈ। "ਮਿਲਿ ਸਾਧ ਸੰਗਤ ਸਰਧਾ ਊਪਜੈ" (ਅੰਗ: 997)। ਇਹ ਤਾਂ ਸਭ ਨੂੰ ਪਤਾ ਹੀ ਹੈ ਜਦੋਂ ਗੁਰਦੁਆਰਿਆਂ ਵਿੱਚ ਚੋਣਾਂ ਨੂੰ ਲੈਕੇ ਲੜਾਈਆਂ ਹੁੰਦੀਆਂ ਹਨ ਉਦੋਂ ਸੰਗਤ ਦੀ ਸ਼ਰਧਾ ਘਟਦੀ ਹੈ।

ਦਿੱਲੀ ਵਿੱਚ ਗੁਰਦੁਆਰਾ ਚੋਣਾ ਹੋ ਚੁਕੀਆਂ ਹਨ, ਪੰਜਾਬ ਅਤੇ ਹਰਿਆਣਾ ਵਿੱਚ ਹੋਣ ਦੀ ਤਿਆਰੀ ਹੈ। ਕੀ ਇਹ ਚੋਣਾਂ ਜਿੱਤਣ ਵਾਲਾ ਧੜਾ ਹੀ ਸੱਚੇ ਸੇਵਾਦਾਰ ਹੋਣਗੇ? ਹਾਰੇ ਹੋਏ ਧੜੇ ਦੇ ਸਿੱਖਾਂ ਨੂੰ ਜੇਤੂ ਧੜਾ ਕੀ ਵਤੀਰਾ ਕਰੇਗਾ? ਕੀ ਗੁਰਦੁਆਰਾ ਚੋਣਾਂ ਲੜਨਾ ਗੁਰਮਤ ਅਨੁਸਾਰ ਹਨ? ਜੇਹੜੇ ਸੱਜਣ ਚੋਣਾਂ ਜਿੱਤਕੇ ਗੁਰਮਤ ਦੀ ਨਿਯਮਾਵਲੀ ਬਣਾਉਣਗੇ ਅਤੇ ਗੁਰਮਤ ਦੀ ਵਿਆਖਿਆ ਕਰਨਗੇ, ਮੈਂ ਉਨ੍ਹਾਂ ਸੱਜਨਾ ਨੂੰ ਨਿਮਰਤਾ ਸਹਿਤ ਪੁਛਦਾ ਹਾਂ : ਕੀ ਆਪਸ ਵਿੱਚ ਲੜਨਾ-ਲੜਾਉਣਾ ਗੁਰਮਤ ਹੈ? ਜਾਂ ਏਕਤਾ ਕਰਨਾ ਗੁਰਮਤ ਹੈ?

ਜੇ ਗੁਰਦੁਆਰਿਆਂ ਦੀ ਸੇਵਾ ਕਰਨੀ ਹੈ ਤਾਂ ਨਿਰਲਾਲਚ ਹੋਕੇ, ਸਹਿਮਤ ਹੋਕੇ ਕਰੀਏ, ਜਿਸ ਸੇਵਾ ਨਾਲ ਪੰਥ ਵਿੱਚ ਵਾਧਾ ਹੋਵੇ। ਗੁਰਦੁਆਰਿਆਂ ਦੀ ਸੇਵਾ ਕਰਨ ਲਈ ਚੋਣਾਂ ਲੜਨ ਦੀ ਕੀ ਲੋੜ ਹੈ? ਜੇ ਕਿਸੇ ਸਮੇਂ, ਕਿਸੇ ਕਾਰਨ ਗੁਰਦੁਆਰਾ ਪ੍ਰਬੰਧ ਲਈ ਚੋਣਾਂ ਕਰਨ ਵਾਸਤੇ ਭਾਰਤੀ ਸੰਵਿਧਾਨ ਵਿੱਚ ਲਿਖਿਆ ਜਾ ਚੁੱਕਿਆ ਹੈ ਤਾਂ ਇਸਦਾ ਇਹ ਅਰਥ ਨਹੀਂ ਕਿ ਅਸੀਂ ਆਪਸ ਵਿੱਚ ਇੱਕਠੇ ਹੋਕੇ ਸਰਬ ਸੰਮਤੀ ਨਹੀਂ ਕਰ ਸਕਦੇ। ਸੰਵਿਧਾਨ ਜਾਂ ਸਰਕਾਰ ਸਾਨੂੰ ਮਜਬੂਰ ਨਹੀਂ ਕਰ ਸਕਦੀ ਕਿ ਤੁਸੀਂ ਚੋਣਾਂ ਜ਼ਰੂਰ ਹੀ ਲੜੋ। ਅਸਾਡਾ ਅਸਲੀ ਸੰਵਿਧਾਨ ਗੁਰਬਾਣੀ ਹੈ, ਗੁਰਬਾਣੀ ਵਿੱਚ ਏਕਤਾ ਕਰਨ ਦਾ ਹੁਕਮ ਹੈ, ਲੜਨ ਦੀ ਮਨਾਹੀ ਹੈ। ਸੋਚਣ ਦੀ ਲੋੜ ਹੈ ਅਸੀਂ ਕਿਸ ਸੰਵਿਧਾਨ ਨੂੰ ਮੰਨਣਾ ਹੈ! ਸਰਬ ਸੰਮਤੀ ਕਰਨ ਨਾਲ ਤਾਂ ਸਰਕਾਰ ਪ੍ਰਸੰਨ ਹੋਵੇਗੀ, ਸੰਗਤ ਵੀ ਪ੍ਰਸੰਨ ਹੋਵੇਗੀ। ਗੁਰੂ ਜੀ ਵੀ ਖੁਸ਼ੀਆਂ ਦੇਣਗੇ। ਸਰਕਾਰ ਦੀ ਖਪਾਈ ਅਤੇ ਪੈਸਾ ਬਚੇਗਾ।

ਗੁਰਦੁਆਰਾ ਚੋਣਾਂ ਵਿੱਚ ਗੁਰਬਾਣੀ ਵਿੱਚ ਦਿੱਤੇ ਹੁਕਮਾਂ ਉਲਟ ਬਹੁਤ ਸਾਰੇ ਕੰਮ ਕੀਤੇ ਜਾਂਦੇ ਹਨ। ਉਨ੍ਹਾਂ ਗੁਰੂ ਕੇ ਹੁਕਮਾਂ ਵਿੱਰੁਧ ਚੱਲਣਾ ਪਾਪ ਹੈ, ਜਿਨ੍ਹਾਂ ਵਿੱਚੋਂ ਕੁੱਝ ਹੇਠ ਲਿਖੇ ਹਨ:-

ਪਾਪ ਨੰਬਰ 1।- ਵਿਚਾਰ ਰਹਿਤ ਹੋਣਾ:ਗੁਰਬਾਣੀ ਵਿੱਚ ਲਿਖਿਆ ਹੈ ਵਿਚਾਰਵਾਨ ਬਣੋ: "ਬਿਬੇਕ ਬੁਧਿ ਸਭ ਜਗ ਮਹਿ ਨਿਰਮਲ ਬਿਚਰਿ ਬਿਚਰਿ ਰਸੁ ਪੀਜੈ।" (ਅੰਗ: 1325)ਪਰ, ਆਪਾਂ ਜਦੋਂ ਗੁਰਦੁਆਰਾ ਚੋਣਾਂ ਵਿੱਚ ਲੜਦੇ ਹਾਂ ਉਦੋਂ ਆਪਾਂ ਵਿਚਾਰ ਰਹਿਤ ਹੋ ਜਾਂਦੇ ਹਾਂ, ਕਿਉਂਕਿ ਵਿਚਾਰਵਾਨ ਆਪਸ ਵਿੱਚ ਲੜਦੇ ਨਹੀਂ। ਕੀ ਆਪਾਂ ਗੁਰੂ ਦਾ ਹੁਕਮ ਉਲਟਾ ਕੇ ਇਹ ਪਾਪ ਨਹੀਂ ਕਰਦੇ? ਸੋਚੋ!

ਪਾਪ ਨੰਬਰ 2।- ਆਪਸ ਵਿੱਚ ਲੜਨਾ-ਗੁਰਬਾਣੀ ਵਿੱਚ ਲਿਖਿਆ ਹੈ: "ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥"(ਅੰਗ:- 1185) ਉੱਥੇ ਤਾਂ ਇੱਕਠੇ ਹੋਣ ਦਾ ਹੁਕਮ ਹੈ, ਪਰ ਆਪਾਂ ਲੜ ਕੇ ਵੱਖਰੇ ਹੋ ਜਾਂਦੇ ਹਾਂ। ਮੁੱਖ ਗੱਲ ਤਾਂ ਇਹ ਹੈ ਕਿ ਸਿੱਖ ਹੀ ਸਿੱਖਾਂ ਨਾਲ ਲੜਦੇ ਹਨ। ਕੀ ਆਪਾਂ ਗੁਰੂ ਦਾ ਹੁਕਮ ਉਲਟਾ ਕੇ ਇਹ ਪਾਪ ਨਹੀਂ ਕਰਦੇ? ਸੋਚੋ!

ਪਾਪ ਨੰਬਰ 3।- ਧੜਾ ਬਣਾਉਣਾ-ਗੁਰਬਾਣੀ ਵਿੱਚ ਤਾਂ ਲਿਖਿਆ ਹੈ: "ਝੂਠੁ ਧੜੇ ਕਰਿ ਪਛੋਤਾਹਿ" (ਅੰਗ:-366) ਆਪਾਂ ਗੁਰਦੁਆਰਾ ਚੋਣਾਂ ਲੜਨ ਵੇਲੇ ਧੜੇ ਬਣਾਉਂਦੇ ਹਾਂ। ਸਤਿਗੁਰੂ ਦਾ ਧੜਾ ਧਰਮ ਦਾ ਧੜਾ ਹੈ, ਪ੍ਰਭੂ ਦਾ ਧੜਾ ਹੈ। ਆਪਾਂ ਕਿੰਨੇ ਹੀ ਤਰ੍ਹਾਂ ਦੇ ਧੜੇ ਬਣਾਉਂਦੇ ਹਾਂ ਸੋਚਣ ਦੀ ਲੋੜ ਹੈ। ਕੀ ਗੁਰੂ ਕਾ ਹੁਕਮ ਉਲਟਾ ਕੇ ਇਹ ਪਾਪ ਨਹੀਂ ਕਰਦੇ? ਸੋਚੋ!

ਪਾਪ ਨੰਬਰ 4।- ਲਾਲਚ ਕਰਨਾ-ਗੁਰਬਾਣੀ ਵਿੱਚ ਲਿਖਿਆ ਹੈ: "ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ॥" (ਅੰਗ:- 419) ਗੁਰਦੁਆਰਾ ਚੋਣਾਂ ਵਿੱਚ ਆਪਾਂ ਲਾਲਚ ਕਰਦੇ ਹਾਂ, ਭਾਂਵੇਂ ਉਹ ਪਦਵੀਆਂ ਦਾ ਲਾਲਚ ਹੋਵੇ ਜਾਂ ਮਾਇਆ ਦਾ। ਕੀ ਗੁਰੂ ਕਾ ਹੁਕਮ ਉਲਟਾ ਕੇ ਆਪਾਂ ਇਹ ਪਾਪ ਨਹੀਂ ਕਰਦੇ? ਸੋਚੋ!

ਪਾਪ ਨੰਬਰ 5।- ਵੈਰ-ਵਿਰੋਧ ਕਰਨਾ-ਗੁਰਬਾਣੀ ਵਿੱਚ ਤਾਂ ਲਿਖਿਆ ਹੈ: "ਗੁਰਮੁਖਿ ਵੈਰ ਵਿਰੋਧ ਗਵਾਵੈ॥"(ਅੰਗ:- 942) ਆਪਾਂ ਚੋਣਾਂ ਵਿਚ ਇੱਕ ਦੂਸਰੇ ਨਾਲ ਪ੍ਰੇਮ ਵਧਾਉਂਦੇ ਹਾਂ ਜਾਂ ਵੈਰ ਵਧਾਉਂਦੇ ਹਾਂ? ਇਹ ਸਾਨੂੰ ਆਪ ਸੋਚਣ ਦੀ ਲੋੜ ਹੈ! ਕੀ ਗੁਰੂ ਕਾ ਹੁਕਮ ਉਲਟਾ ਕੇ ਆਪਾਂ ਇਹ ਪਾਪ ਨਹੀਂ ਕਰਦੇ? ਸੋਚੋ!

ਪਾਪ ਨੰਬਰ 6।- ਕਿਸੇ ਦੇ ਔਗੁਣ ਵੇਖਣੇ-ਗੁਰਬਾਣੀ ਵਿੱਚ ਲਿਖਿਆ ਹੈ: "ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥"(ਅੰਗ:-1364) ਅਤੇ "ਪਰਾਇਆ ਛਿਦ੍ਰੁ ਅਟਕਲੈ ਆਪਣਾ ਅਹੰਕਾਰੁ ਵਧਾਵੈ"(ਅੰਗ-366)ਚੋਣਾਂ ਵਿੱਚ ਆਪਾਂ ਦੂਜਿਆਂ ਦੇ ਔਗੁਣ ਵੇਖਦੇ ਹਾਂ, ਲੱਭਦੇ ਹਾਂ ਅਤੇ ਨਵੇਂ ਔਗੁਣ ਕੋਲੋਂ ਹੀ ਘੜਦੇ ਹਾਂ। ਕੀ ਗੁਰੂ ਕਾ ਹੁਕਮ ਉਲਟਾ ਕੇ ਆਪਾਂ ਇਹ ਪਾਪ ਨਹੀਂ ਕਰਦੇ? ਸੋਚੋ!

ਪਾਪ ਨੰਬਰ 7।- ਨਿੰਦਿਆ ਕਰਨੀ-ਗੁਰਬਾਣੀ ਵਿੱਚ ਲਿਖਿਆ ਹੈ: "ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥"(ਅੰਗ:-755) ਗੁਰਦੁਆਰਾ ਚੋਣਾਂ ਵਿੱਚ ਆਪਾਂ ਇੱਕ ਦੂਜੇ ਦੀ ਨਿੰਦਿਆ ਕਰਨ ਤੋਂ ਹਟਦੇ ਹੀ ਨਹੀਂ, ਹਰ ਸਮੇਂ ਨਿੰਦਿਆ ਕਰੀ ਜਾਂਦੇ ਹਾਂ। ਸੋਚਣ ਦੀ ਲੋੜ ਹੈ ਕਿ ਆਪਾਂ ਆਪਣੇ ਗੁਰੂ ਦਾ ਹੁਕਮ ਕਿੰਨਾ ਕੁ ਮੰਨ ਰਹੇ ਹਾਂ। ਕੀ ਗੁਰੂ ਕਾ ਹੁਕਮ ਉਲਟਾ ਕੇ ਆਪਾਂ ਇਹ ਪਾਪ ਨਹੀਂ ਕਰਦੇ? ਸੋਚੋ!

ਪਾਪ ਨੰਬਰ 8।- ਹੰਕਾਰ ਕਰਣਾ- ਗੁਰਬਾਣੀ ਵਿੱਚ ਆਦੇਸ਼ ਲਿਖਿਆ ਹੈ: "ਮੇਰੇ ਮਨ ਤਜਿ ਨਿੰਦਾ ਹਉਮੈ ਅਹੰਕਾਰ" (ਅੰਗ 29) ਗੁਰਦੁਆਰਾ ਚੋਣਾਂ ਵਿੱਚ ਆਪਾਂ ਹੰਕਾਰ ਕਰਦੇ ਹਾਂ। ਕੀ ਆਪਾਂ ਗੁਰੂ ਕਾ ਹੁਕਮ ਉਲਟਾ ਕੇ ਇਹ ਪਾਪ ਨਹੀਂ ਕਰਦੇ? ਸੋਚੋ!

ਪਾਪ ਨੰਬਰ 9।- ਚੁਗਲੀ ਕਰਣੀ-ਗੁਰਬਾਣੀ ਵਿੱਚ ਤਾਂ ਲਿਖਿਆ ਹੈ: "ਜਿਸੁ ਅੰਦਰਿ ਚੁਗਲੀ ਚੁਗਲੋ ਵਜੈ ਕੀਤਾ ਕਰਤਿਆ ਓਸ ਦਾ ਸਭੁ ਗਇਆ॥"(ਅੰਗ:-308) ਗੁਰਦੁਆਰਾ ਚੋਣਾਂ ਵਿੱਚ ਆਪਾਂ ਕਿੰਨੀ ਚੁਗਲੀ ਕਰਕੇ ਸਿਖਾਂ ਨੂੰ ਆਪਸ ਵਿੱਚ ਲੜਾਉਂਦੇ ਹਾਂ, ਆਪ ਸੋਚਣ ਦੀ ਲੋੜ ਹੈ। ਕੀ ਗੁਰੂ ਕਾ ਹੁਕਮ ਉਲਟਾ ਕੇ ਆਪਾਂ ਇਹ ਪਾਪ ਨਹੀਂ ਕਰਦੇ? ਸੋਚੋ!

ਪਾਪ ਨੰਬਰ 10।- ਸ਼ਰਾਬ ਪੀਣੀ-ਪਿਲਾਉਣੀ-ਗੁਰਬਾਣੀ ਵਿੱਚ ਸ਼ਰਾਬ ਵਿਰੁੱਧ ਸਖ਼ਤ ਆਦੇਸ਼ ਹੈ, ਉੱਥੇਤਾਂ ਲਿਖਿਆ ਹੈ: "ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥" (ਅੰਗ:-554) ਆਪਾਂ ਸਾਰੇ ਜਾਣਦੇ ਹਾਂ ਵੋਟਾਂ ਲੈਣ ਵਾਸਤੇ ਚੋਣਾਂ ਵਿੱਚ ਸ਼ਰਾਬ ਪੀਤੀ ਅਤੇ ਪਿਲਾਈ ਜਾਂਦੀ ਹੈ। ਵੋਟ ਬਣਾਉਣ ਦੇ ਫਾਰਮ ਵਿੱਚ ਲਿਖਿਆ ਹੈ: "ਸ਼ਰਾਬ ਪੀਣ ਵਾਲਾ ਸਿੱਖ ਨਹੀਂ, ਉਸਦੀ ਵੋਟ ਨਹੀਂ ਬਣ ਸਕਦੀ"। ਸਾਰਿਆਂ ਸਿੱਖਾਂ ਨੂੰ ਸੋਚਣ ਦੀ ਲੋੜ ਹੈ: ਕੀ ਸ਼ਰਾਬ ਪਿਆ ਕੇ ਚੋਣਾਂ ਲੜਨੀਆਂ/ਜਿੱਤਣੀਆਂ ਠੀਕ ਹੈ ਜਾਂ ਗਲਤ? ਕੀ ਗੁਰੂ ਕਾ ਹੁਕਮ ਉਲਟਾ ਕੇ ਆਪਾਂ ਇਹ ਪਾਪ ਨਹੀਂ ਕਰਦੇ? ਸੋਚੋ!

ਪਾਪ ਨੰਬਰ 11।-ਝੂਠ ਬੋਲਣਾ- ਚੋਣਾਂ ਜਿੱਤਣ ਲਈ ਆਪਾਂ ਵੱਡੇ ਤੋਂ ਵੱਡੇ ਝੂਠ ਬੋਲਦੇ ਹਾਂ। ਗੁਰਬਾਣੀ ਵਿੱਚ ਸਖਤ ਆਦੇਸ਼ ਹੈ, ਉਥੇ ਲਿਖਿਆ ਹੈ: "ਬੋਲਹਿ ਸਾਚੁ, ਮਿਥਿਆ ਨਹੀ ਰਾਈ॥" (ਅੰਗ:- 227) ਕੀ ਆਪਾਂ ਗੁਰੂ ਦਾ ਹੁਕਮ ਉਲਟਾ ਕੇ ਆਪਾਂ ਇਹ ਪਾਪ









ਨਹੀਂ ਕਰਦੇ? ਸੋਚੋ!

ਜੇ ਆਪਾਂ,ਉਪਰੋਕਤ ਸਾਰੇ ਪਾਪ ਕਰਦੇ ਹਾਂ, ਗੁਰਬਾਣੀ ਦੇ ਉਲਟ ਚੱਲਦੇ ਹਾਂ ਤਾਂ ਆਪਾਂ ਕੈਸੇ ਸਿੱਖ ਹਾਂ? ਸੋਚਣ ਦੀ ਲੋੜ ਹੈ: ਜੇ ਆਪਾਂ ਆਪਣੇ ਗੁਰੂ ਦਾ ਹੁਕਮ ਉਲਟਾਵਾਂਗੇ ਤਾਂ ਸਾਨੂੰ ਗੁਰੂ ਦੀਆਂ ਖੁਸ਼ੀਆਂ ਮਿਲਣਗੀਆਂ ਜਾਂ ਨਰਾਜ਼ਗੀ ਮਿਲੇਗੀ? ਆਪ ਸੋਚੋ!

ਸਾਰੇ ਸਿੱਖਾਂ ਨੂੰ ਬੇਨਤੀ ਹੈ: ਆਪਸ ਵਿੱਚ ਮਿਲਕੇ, ਸਰਬ ਸੰਮਤੀ ਕਰਕੇ ਗੁਰਦੁਆਰਿਆਂ ਦਾ ਪ੍ਰਬੰਧ ਕਰ ਲਈਏ। ਕਿਸੇ ਵੀ ਕੰਮ ਨੂੰ ਕਰਨ ਵਾਸਤੇ ਤਿੰਨ ਚੀਜ਼ਾਂ ਮੁੱਖ ਹਨ:ਨੰਬਰ 1। ਸਮਾਂ, ਨੰਬਰ 2। ਸ਼ਕਤੀ ਅਤੇ ਨੰਬਰ 3। ਪੈਸਾ।ਇਹੋ ਤਿੰਨੇ ਮੁੱਖ ਚੀਜ਼ਾਂ ਸਮਾਂ, ਸ਼ਕਤੀ ਅਤੇ ਪੈਸਾ ਆਪਾਂ ਗੁਰਦੁਆਰਿਆਂ ਦੀਆਂ ਪਦਵੀਆਂ ਖੋਹਣ ਅਤੇ ਪਦਵੀਆਂ ਬਚਾਉਣ ਵਾਸਤੇ ਲਾਉਂਦੇ ਹਾਂ,ਫਿਰ ਕਈ ਸਾਲ ਅਗਲੀਆਂ ਚੋਣਾ ਜਿੱਤਣ ਵਾਸਤੇ ਤਿਆਰੀ ਕਰਨ ਉੱਤੇ ਲਾਉਂਦੇ ਹਾਂ, ਦੂਜੇ ਧੜੇ ਨੂੰ ਕਮਜ਼ੋਰ ਕਰਨ ਉੱਤੇ ਲਾਉਂਦੇ ਹਾਂ, ਹਰ ਸਮੇਂ ਕਿਸੇ ਦਾ ਬੁਰਾ ਹੀ ਸੋਚਦੇ ਰਹਿੰਦੇ ਹਾਂ, ਕੀ ਇਹੋ ਸਮਾਂ, ਸ਼ਕਤੀ, ਅਤੇ ਪੈਸਾ ਪੰਥ ਦੇ ਪਰਚਾਰ ਵਾਸਤੇ ਨਹੀਂ ਲਗ ਸਕਦਾ? ਆਪ ਸੋਚੋ! ਗੁਰੂ ਕੀ ਗੋਲਕ ਵਿੱਚ ਆਈ ਸੰਗਤ ਦੀ ਖੂਨ ਪਸੀਨੇ ਦੀ ਕਮਾਈ ਨੂੰ ਪੰਥ ਪਾੜਨ ਵਾਸਤੇ ਲਗਾਉਂਦੇ ਹਾਂ, ਕੀ ਇਸ ਨਾਲ ਸਿੱਖ ਪੰਥ ਵਧਦਾ ਹੈ ਜਾਂ ਘਟਦਾ ਹੈ? ਕੀ ਸੰਗਤ ਗੁਰਦੁਆਰਿਆਂ ਵਿੱਚ ਚੋਣਾਂ ਲੜਨ ਲਈ ਮਾਇਆ ਦਿੰਦੀ ਹੈ? ਜੇ ਅਸੀਂ ਚੋਣਾਂ ਦੀ ਥਾਂ ਸਰਬ ਸੰਮਤੀ ਕਰੀਏ ਇਸ ਨਾਲ ਸਾਡੀ ਸੋਭਾ ਅਤੇ ਸਿੱਖ ਪੰਥ ਦਾ ਵੀ ਭਲਾ ਹੋਵੇਗਾ। ਸਿੱਖ ਪੰਥ ਟੱਟਣ ਤੋਂ ਬਚ ਜਾਵੇਗਾ ਅਤੇ ਪੰਥ ਦੀ ਚੜ੍ਹਦੀ ਕਲਾ ਹੋਵੇਗੀ। ਗੁਰੂ ਕੀਆਂ ਖੁਸ਼ੀਆਂ ਮਿਲਣਗੀਆਂ! ਜੇ ਗੁਰੂ ਕਾ ਬਚਨ ਮੰਨ ਕੇ ਇਕੱਠੇ ਨਹੀਂ ਹੁੰਦੇ ਤਾਂ ਅਸਾਡਾ ਜਪ, ਤਪ,ਸੇਵਾ ਕਿਤੇ ਲੇਖੇ ਵਿਚ ਨਹੀ। "ਜਪੁ ਤਪੁ ਸੰਜਮ ਹੋਰ ਕੋਈ ਨਾਹੀ। ਜਬ ਲਗੁ ਗੁਰੁ ਕਾ ਸਬਦੁ ਨ ਕਮਾਹੀ"(ਅੰਗ 1060) ਅਤੇ "ਹੁਕਮਿ ਮੰਨਿਐ ਹੋਵੈ ਪਰਵਾਣੁ ਤ ਖਸਮੈ ਕਾ ਮਹਲਿ ਪਾਇਸੀ"। (ਅੰਗ- 471)

ਕੀ ਚੋਣਾਂ ਲੜਨੀਆਂ ਗੁਰਦੁਆਰਿਆਂ ਦੀ ਸੇਵਾ ਵਾਸਤੇ ਹਨ ਜਾਂ ਗੁਰਦੁਆਰਿਆਂ ਨੂੰ ਵਰਤਣ ਵਾਸਤੇ? ਕੀ ਅਸਾਡੇ ਆਗੂ, ਸੰਗਤ ਨੂੰ ਗੁਰਦੁਆਰਿਆਂ ਦੀ ਸੇਵਾ ਦੇ ਨਾਮ ਉੱਤੇ ਲੜਾਉਂਦੇ ਨਹੀਂ? ਕੀ ਉਜਾੜਦੇ ਅਤੇ ਪਾੜਦੇ ਨਹੀਂ?

ਜ਼ਰਾ ਧਿਆਨ ਨਾਲ ਸੋਚੋ: ਜੋ ਸੱਜਨ ਚੋਣਾ ਜਿਤਣ ਲਈ ਐਨੇ ਜ਼ੋਰ ਨਾਲ ਆਪਣੀ ਵਡਿਆਈ ਅਤੇ ਦੂਜਿਆਂ ਦੀ ਬੁਰਿਆਈ ਕਰਦੇ ਹਨ, ਘਰੋ ਘਰ ਜਾਕੇ ਵੋਟਾਂ ਮੰਗਦੇ ਹਨ, ਕੀ ਇਹਨਾ ਸਜਣਾ ਨੇ ਕਦੀ ਸੰਗਤ ਨੂੰ ਇਤਨੇ ਹੀ ਜ਼ੋਰ ਨਾਲ ਗਰੀਬ ਸਿੱਖ ਭਰਾਵਾਂ ਦੀ ਸਹਾਇਤਾ ਲਈ ਘਰੋ ਘਰ ਜਾਕੇ ਪ੍ਰੇਰਿਆ ਹੈ?

"ਰਾਜ ਕਰੇਗਾ ਖਾਲਸਾ" ਦੀ ਗੱਲ ਤਾਂ ਬਹੁਤ ਸਾਰੇ ਸਿੱਖ ਕਰਦੇ ਹਨ, ਪਰ ਜੇ ਖਾਲਸੇ ਨੇ ਸੱਚੀਂ ਰਾਜ ਲੈਣਾ ਹੈ, ਤਾਂ ਖਾਲਸੇ ਨੂੰ ਭਾਵ: ਅਸਾਨੂੰ ਸਿੱਖਾਂ ਨੂੰ ਆਪਣੇ ਛੋਟੇ-ਵੱਡੇ ਸਾਰਿਆਂ ਗੁਰਦੁਆਰਿਆਂ ਵਿੱਚ, ਪੂਰਨ ਰੂਪ ਵਿੱਚ ਚੋਣ ਪ੍ਰਣਾਲੀ ਨੂੰ ਖਤਮ ਕਰਕੇ



ਬਾਬਾ ਬੰਦਾ ਸਿੰਘ ਬਹਾਦਰ ਜੀ ਵੇਲੇ ਆਪਾਂ, ਆਪਸ ਵਿੱਚ ਸਹਿਮਤ ਨ ਹੋਣ ਕਰਕੇ ਆਪਸ ਵਿੱਚ ਲੜਕੇ ਰਾਜ ਗਵਾਇਆ, ਮਹਾਰਾਜਾ ਰਣਜੀਤ ਸਿੰਘ ਵੇਲੇ ਵੀ ਆਪਸ ਵਿਚ ਲੜਕੇ ਅਸੀਂ ਰਾਜ ਗਵਾਇਆ। ਹੁਣ ਆਪਾਂ ਕੀ ਕਰਨਾ ਚਾਹੁੰਦੇ ਹਾਂ! ਆਪਾਂ ਗੱਲਾਂ ਤਾਂ ਕਰਦੇ ਹਾਂ ਖਾਲਸਾ ਰਾਜ ਦੀਆਂ ਪਰ ਇੱਕ ਗੁਰਦੁਆਰਾ ਆਪਾਂ ਸਾਂਭ ਨਹੀਂ ਸਕਦੇ। ਗੁਰਦੁਆਰੇ ਦੇ ਵਿੱਚ ਹੀ ਲੜ ਪੈਂਦੇ ਹਾਂ। ਆਪਾਂ ਰਾਜ ਕਿਵੇਂ ਸੰਭਾਲਾਂਗੇ? ਆਪਸੀ ਸਹਿਮਤ ਹੋਣ ਦੀ ਆਦਤ ਬਣਾਈਏ, ਖਾਲਸਾ ਰਾਜ ਆਪੇ ਬਣ ਜਾਵੇਗਾ। ਜੇ ਸਹਿਮਤ ਨਹੀਂ ਹੋਵਾਂਗੇ ਤਾਂ ਬਣਿਆ ਰਾਜ ਵੀ ਚਲਾ ਜਾਵੇਗਾ।

ਸਰਬਸੰਮਤੀ/ਗੁਰਮੱਤਾ ਕਰਨ ਦੀ ਪਰੰਪਰਾ ਅਪਣਾਉਣੀ ਚਾਹੀਦੀ ਹੈ। ਇਹ ਗੱਲ ਸਾਰੇ ਜਾਂਣਦੇ ਅਤੇ ਮੰਨਦੇ ਹਨ ਹੈ ਕਿ ਜਿਨ੍ਹਾਂ ਪੰਥਾਂ ਜਾਂ ਕੌਮਾਂ ਵਿੱਚ ਲੜਾਈ ਪਈ ਹੈ ਉੱਥੇ ਬਣੇ-ਬਣਾਏ ਰਾਜ ਚਲੇ ਗਏ। ਇਹੋ ਕੁਛ ਸਿੱਖਾਂ ਨਾਲ ਵੀ ਹੋ ਚੁਕਿਆ ਹੈ। ਇਸ ਕਰਕੇ ਅਸਾਨੂੰ ਚੋਣ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਖਤਮ ਕਰਕੇ "ਖਾਲਸਾ ਰਾਜ" ਸਥਾਪਿਤ ਕਰਨ ਵਾਲੇ ਕੰਮ ਕਰਨੇ ਚਾਹੀਦੇ ਹਨ। ਜੇ ਆਪਾਂ "ਖਾਲਸਾ ਰਾਜ" ਦਾ ਸਿਰਫ਼ ਨਾਅਰਾ ਹੀ ਲਗਾਉਣਾ ਹੈ, ਰਾਜ ਲੈਣ ਦੀਆਂ ਗੱਲਾਂ ਹੀ ਕਰਨੀਆਂ ਹਨ ਪਰ ਖਾਲਸਾ ਰਾਜ ਲੈਣਾ ਨਹੀਂ ਅਤੇ ਨਾ ਹੀ ਰਾਜ ਕਰਨਾ ਹੈ ਤਾਂ ਅਸਾਨੂੰ ਚੋਣ ਪ੍ਰਣਾਲੀ ਐਸੇ ਤਰ੍ਹਾਂ ਹੀ ਬਰਕਰਾਰ ਰਖਣੀ ਚਾਹੀਦੀ ਹੈ। ਜੇ ਚੋਣ ਪ੍ਰਣਾਲੀ ਨੂੰ ਆਪਾਂ ਗਲਤ ਨਹੀਂ ਮੰਨਣਾ, ਫਿਰ ਸਿੱਖਾਂ ਨੂੰ ਚਾਹੀਦਾ ਹੈ ਕਿ ਇੱਕ ਹੁਕਮਨਾਮਾ ਜਾਰੀ ਕੀਤਾ ਜਾਵੇ "ਅਸਲੀ ਸਿੱਖ ਉਹ ਹੈ ਜਿਹੜਾ ਆਪਣੇ ਪਰਿਵਾਰ ਵਿੱਚ ਵੀ ਚੋਣ ਕਰਵਾਵੇ ਅਤੇ ਪਰਿਵਾਰ ਵਿੱਚ ਵੱਧ ਤੋਂ ਵੱਧ ਲੜਾਈ ਲਗਾਤਾਰ ਪੁਆ ਕੇ ਰੱਖੇ, ਜਿਵੇਂ ਅਸੀਂ ਗੁਰਦੁਆਰਿਆਂ ਵਿੱਚ ਕਰਦੇ ਹਾਂ"।

"ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰ ਕਰਹੁ ਲਿਵ ਲਾਇ" ਬਾਣੀ ਵਿਚਲੇ ਇਸ ਹੁਕਮ ਨੂੰ ਲਾਗੂ ਕਰਨ ਵਾਸਤੇ, ਅਸਾਡੇ ਸਾਰੇ ਗੁਰਦੁਆਰਿਆਂ ਵਿੱਚ, ਆਪਸ ਚ ਮਿਲਕੇ ਰਹਿਣ ਦੀ ਸਿੱਖਿਆ ਅਤੇ ਪ੍ਰੇਰਨਾ ਮਿਲਣੀ ਚਾਹੀਦੀ ਹੈ। ਪਰ, ਉੱਥੇ ਤਾਂ ਇਹ ਸਿੱਖਿਆ ਮਿਲਦੀ ਹੈ, "ਦੂਜੇ ਧੜੇ ਨੂੰ ਕਿਵੇਂ ਖਤਮ ਕਰਨਾ ਹੈ, ਆਪਣੇ ਧੜੇ ਨੂੰ ਕਿਵੇਂ ਕਾਬਜ਼ ਬਣਾਉਣਾ ਹੈ। ਕਿਸੇ ਦੇ ਬੰਦੇ ਕਿਵੇਂ ਤੋੜਨੇ ਹਨ? ਕਿਵੇਂ ਖਰੀਦਣੇ ਹਨ? ਮੇਰੀ ਚੌਧਰ ਕਿਵੇਂ ਬਣ ਸਕਦੀ ਹੈ?" ਕੀ ਗੁਰਦੁਆਰੇ ਇਸ ਕੰਮ ਲਈ ਹੁੰਦੇ ਹਨ? ਵਿਚਾਰੋ! ਗੁਰਬਾਣੀ ਵਿਰੁਧ ਜਾ ਕੇ ਆਪਾਂ ਪ੍ਰਫੁੱਲਿਤ ਕਿਵੇਂ ਹੋ ਸਕਦੇ ਹਾਂ! ਗੁਰਬਾਣੀ ਵਿੱਚ ਤਾਂ ਮਿਲ੍ਹਨ ਦੀ ਮਹਿਮਾ ਲਿਖੀ ਹੈ "ਮਿਲਬੇ ਕੀ ਮਹਿਮਾ ਬਰਨਿ ਨ ਸਾਕਉ ਨਾਨਕ ਪਰੈ ਪਰੀਲਾ"। ਗੁਰਬਾਣੀ ਵਿਰੁਧ ਚੱਲਕੇ ਖਾਲਸਾ ਪੰਥ ਪ੍ਰਫੁਲਿਤ ਕਿਵੇਂ ਹੋ ਸਕਦਾ ਹੈ? ਵਿਚਾਰੋ! ਕੀ ਆਪਾਂ ਮਿਲਕੇ ਚਲਦੇ ਹਾਂ? ਆਪਾਂ ਕੈਸੇ ਸਿੱਖ ਹਾਂ? ਅਸਾਨੂੰ ਆਪਣੇ ਅੰਦਰ ਵੇਖਨ ਦੀ ਲੋੜ ਹੈ। ਸਿਰਫ਼ ਮੱਥਾ ਟੇਕਣ ਨਾਲ ਸਿੱਖ ਨਹੀਂ ਬਣ ਜਾਈਦਾ।

ਜੇ ਬਾਣੀ ਨੂੰ ਗੁਰੂ ਮੰਨਣ ਵਾਲੇ ਹੀ ਬਾਣੀ ਵਿੱਚ ਲਿਖੇ ਨੂੰ ਨਹੀਂ ਮੰਨਣਗੇ ਅਤੇ ਆਪਣੇ ਧਰਮ ਅਸਥਾਨਾ ਉੱਤੇ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ ਉੱਥੇ ਹੀ ਬਾਣੀ ਵਿੱਚ ਲਿਖੇ ਨੂੰ ਲਾਗੂ ਨਹੀਂ ਕੀਤਾ ਜਾਵੇਗਾ। ਫਿਰ, ਬਾਣੀ ਵਿੱਚ ਲਿਖੇ ਹੋਏ ਨੂੰ ਕਿੱਥੇ ਮੰਨਿਆ ਜਾਵੇਗਾ? ਸੋਚੋ!

ਸੋਚੋ! ਜੇ ਹੋਰ ਕਿਸੇ ਪੰਥ ਵਿੱਚ ਉਹਨਾਂ ਦੇ ਧਰਮ ਅਸਥਾਨਾ ਦੇ ਪ੍ਰਬੰਧ ਲਈ ਚੋਣ ਪ੍ਰਣਾਲੀ ਦੀ ਵਰਤੋਂ ਨਹੀਂ ਹੁੰਦੀ ਤਾਂ ਆਪਾਂ ਸਿੱਖ ਹੀ ਕਿਉਂ ਚੋਣ ਪ੍ਰਣਾਲੀ ਅਪਨਾ ਕੇ ਆਪਣੇ ਪੰਥ ਵਿੱਚ ਲੜਾਈ ਪੁਆਉਂਦੇ ਹਾਂ? ਖਾਲਸਾ ਰਾਜ ਲੈਣ ਲਈ ਅਤੇ ਰਾਜ ਕਰਨ ਲਈ ਸਿੱਖਾਂ ਨੂੰ ਗੁਰਬਾਣੀ ਦੀ "ਹੋਇ ਇਕਤ੍ਰ" ਵਾਲੀ ਤੁਕ ਨੂੰ ਮੰਨਣ ਦੀ ਲੋੜ ਹੈ। ਜੇ ਗੁਰਬਾਣੀ ਦੀ ਤੁਕ ਉੱਤੇ ਗੁਰਦੁਆਰਿਆਂ ਵਿੱਚ ਅਮਲ ਨਹੀਂ ਹੋਵੇਗਾ ਤਾਂ ਕਿੱਥੇ ਹੋਵੇਗਾ? ਖਾਲਸੇ ਨੂੰ ਆਪਸ ਵਿੱਚ ਸਹਿਮਤ ਹੋਕੇ ਗੁਰਮਤਾ ਕਰਕੇ ਪੰਥ ਵਧਾਉਣ ਦੀ ਲੋੜ ਹੈ। ਪ੍ਰਜਾਤੰਤਰ ਵਿੱਚ ਪੰਥ ਵਧੇਗਾ ਤਾਂ ਰਾਜ ਆਪਣੇ ਆਪ ਹੀ ਸਥਾਪਿਤ ਹੋ ਜਾਵੇਗਾ।

ਇੱਕ ਸਾਦਾ ਜਿਹਾ ਪ੍ਰਸ਼ਨ! ਜਿਹੜੇ ਚੋਣ ਪ੍ਰਣਾਲੀ ਦੇ ਹੱਕ ਵਿੱਚ ਹਨ, ਉਹਨਾਂ ਨੂੰ ਸੋਚਨ ਦੀ ਲੋੜ ਹੈ: ਕੀ ਗੁਰਦੁਆਰੇ ਆਪਸ ਵਿੱਚ ਲੜਾਈ ਪਾ ਕੇ, ਪੰਥ ਵਿੱਚ ਧੜੇਬੰਦੀ ਬਣਾ ਕੇ, ਇੱਕ ਦੂਜੇ ਦੀ ਬੁਰਾਈ ਕਰਕੇ,ਆਪਣਾ ਕਬਜ਼ਾ ਕਰਨ ਲਈ ਹਨ ਜਾਂ ਪੰਥ ਦੇ ਪ੍ਰਚਾਰ ਵਾਸਤੇ ਹਨ? ਕੀ ਅਸਾਡੇ ਗੁਰਦੁਆਰਿਆਂ ਵਿੱਚ ਕਦੀ ਆਪਸ ਵਿੱਚ ਮਿਲਕੇ ਰਹਿਣ ਦੀ ਜਾਚ ਦੱਸੀ ਗਈ ਹੈ? ਕਦੀ ਇਹ ਦੱਸਿਆ ਗਿਆ ਹੈ; ਪੰਥ ਵਿੱਚ ਧੜੇਬੰਦੀ ਬਨਾਉਣੀ ਬਹੁਤ ਵੱਡਾ ਪਾਪ ਹੈ? ਕੀ ਅਸਾਡੇ ਗੁਰਦੁਆਰੇ ਆਪਸੀ ਲੜਾਈ ਸਿਖਾਉਣ ਲਈ ਹਨ? ਆਪਸ ਵਿੱਚ ਧੜੇਬੰਦੀ ਬਨਾਉਣ ਦੀ ਸਿੱਖਿਆ ਦੇਣ ਲਈ ਹਨ? ਆਪਸ ਵਿੱਚ ਧੜੇਬੰਦੀ ਬਨਾਉਣੀ, ਲੜਾਈ ਪੁਵਾਉਣੀ ਅਤੇ ਇੱਕ ਦੂਸਰੇ ਦੀ ਬੁਰਾਈ ਕਰਨੀ ਜੋ ਗੁਰਬਾਣੀ ਵਿੱਚ ਪਾਪ ਲਿਿਖਆ ਹੈ ਅਸਾਨੂੰ ਗੁਰਦੁਆਰਿਆਂ ਵਿੱਚ ਇਹ ਗੱਲਾਂ ਪਾਪ ਕਿਉਂ ਨਹੀਂ ਦੱਸਿਆਂ ਜਾਂਦੀਆਂ? ਅਸਾਨੂੰ ਇਹ ਵਿਚਾਰਨ ਦੀ ਲੋੜ ਹੈ, ਆਪਾ ਪੜਚੋਲਨ ਦੀ ਲੋੜ ਹੈ, ਕਿ ਜਦੋਂ ਤੋਂ ਅਸਾਡੇ ਵਿੱਚ, ਗੁਰਦੁਆਰਾ ਪ੍ਰਬੰਧ ਲਈ ਚੋਣ ਪ੍ਰਣਾਲੀ ਆਈ ਹੈ ਕੀ ਉਦੋਂ ਤੋਂ ਸਿੱਖ ਪੰਥ ਘਟਿਆ ਨਹੀਂ? ਕੀ ਅੱਜ ਵੀ ਪੰਥ ਘਟਨ ਦਾ ਇੱਕ ਬਹੁਤ ਵੱਡਾ ਕਾਰਨ ਚੋਣ ਪ੍ਰਣਾਲੀ ਨਹੀਂ? ਕਿਉਂਕਿ ਸਿੱਖੀ ਤਾਂ ਸ਼ਰਧਾ ਨਾਲ ਹੈ ਅਤੇ ਚੋਣ ਪ੍ਰਣਾਲੀ ਕਰਕੇ, ਸਿੱਖਾਂ ਦੀ ਸ਼ਰਧਾ ਘੱਟ ਰਹੀ ਹੈ ਅਤੇ ਈਰਖਾ ਵੱਧ ਰਹੀ ਹੈ। ਨਵੀਂ ਪੀੜੀ ਬੇਸ਼ਰਧਾ ਹੋ ਰਹੀ ਹੈ।

ਈਰਖਾ ਕਰਨੀ ਵੀ ਇੱਕ ਪਾਪ ਹੈ, ਗੁਰਬਾਣੀ ਵਿੱਚ ਈਰਖਾ ਕਰਨੀ ਮਨ੍ਹਾਂ ਹੈ। ਉੱਥੇ ਲਿਖਿਆ ਹੈ "ਅਹਿਰਖ ਵਾਦੁ ਨ ਕੀਜੈ ਰੇ ਮਨ" (ਅੰਗ: 479)ਜਦੋਂ ਆਪਾਂ ਗੁਰਦੁਆਰਾ ਚੋਣਾਂ ਵਿੱਚ ਦੂਸਰੇ ਧੜੇ ਦਾ ਵਿਰੋਧ ਕਰਦੇ ਹਾਂ ਉਦੋਂ ਸਾਡੇ ਅੰਦਰ ਈਰਖਾ ਆਉਂਦੀ ਹੈ। ਆਪਾਂ ਨੂੰ ਵਿਚਾਰਨ ਦੀ ਲੋੜ ਹੈ ਕੀ ਅਸੀਂ ਗੁਰਬਾਣੀ ਵਿਰੁਧਈਰਖਾ ਕਰਕੇ ਪਾਪ ਤਾਂ ਨਹੀਂ ਕਰ ਰਹੇ?

ਕੀ ਆਪਾਂ ਸਾਰੇ ਸਿੱਖ, ਇਸ ਗਲ ਉੱਤੇ ਸਹਿਮਤ ਹੋ ਸਕਦੇ ਹਾਂ ਕਿ ਬਾਣੀ ਵਿੱਚ ਲਿਖੇ ਨੂੰ ਮੰਨਣਾ ਹੈ, ਆਪਸ ਵਿੱਚ ਲੜਨ ਦੀ ਬਜਾਏ ਸਹਿਮਤ ਹੋਕੇ ਅਸੀਂ ਆਪਣਾ ਪੰਥ ਵਧਾਉਣਾ ਹੈ? ਅਸੀਂ ਗੁਰਦੁਆਰਿਆਂ ਦੀ ਵਰਤੋਂ ਪੰਥ ਵਧਾਉਣ ਲਈ ਕਰਨੀ ਹੈ, ਆਪਸੀ ਲੜਾਈ ਵਾਸਤੇ ਗੁਰਦੁਆਰਿਆਂ ਦੀ ਵਰਤੋਂ ਨਹੀਂ ਕਰਨੀ।

ਇਸ ਕਰਕੇ ਸਿੱਖ ਵੀਰੋ! ਗੁਰਦੁਆਰਿਆਂ ਦੀ ਸੇਵਾ ਲਈ ਚੋਣਾਂ ਲੜਨ ਦੀ ਥਾਂ ਸਰਬ ਸੰਮਤੀ ਕਰੋ, ਸਹਿਮਤ ਹੋ ਕੇ ਗੁਰਮਤਾ ਕਰੋ। ਜੇ ਆਪਾਂ ਗੁਰਦੁਆਰਿਆਂ ਦੀ ਸੇਵਾ ਲਈ ਸਹਿਮਤ ਨਹੀਂ ਹੋ ਸਕਦੇ ਤਾਂ ਆਪਾਂ ਹੋਰ ਕਿਸ ਗਲ ਵਾਸਤੇ ਸਹਿਮਤ ਹੋਵਾਂਗੇ? ਸਹਿਮਤ ਹੋਏ ਬਿਨ੍ਹਾ ਪੰਥ ਕਿਵੇਂ ਵਧੇਗਾ? ਵਿਚਾਰੋ!

ਗੁਰਬਾਣੀ ਸਿੱਖਾਂ ਦਾ ਸੰਵਿਧਾਨ ਹੈ। ਗੁਰਬਾਣੀ ਵਿੱਚ ਏਕਤਾ ਕਰਕੇ ਆਪਸ ਵਿੱਚ ਮਿਲਨ ਦਾ, ਸਹਿਮਤ ਹੋਣ ਦਾ ਆਦੇਸ਼ ਹੈ। ਆਪਾਂ ਨੂੰ ਗੁਰਬਾਣੀ ਵਿੱਚ ਲਿੱਖਿਆ ਆਦੇਸ਼ ਮੰਨਕੇ ਸਰਬਸੰਮਤੀ ਕਰਕੇ ਗੁਰਦੁਆਰਿਆਂ ਦੀ ਸੇਵਾ/ਪ੍ਰਬੰਧ ਕਰਨ ਦੀ ਲੋੜ ਹੈ।

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping
Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
**Always Low Prices**
2X6X8' Kiln Dry Fir **$4.95 EA**
1X4 Red Cedar 10' **$2.95 EA**
4X8X3/8" Paint Grade Plywood **$21.95 EA**
4X8X1/2" Paint Grade Plywood **$29.95 EA**
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
*We Deliver to Your Job Site (Even to the Moon)*
"Where the Builders Buy"

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592
Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:
amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਕਾਨਪੁਰ ਦੇ ਇਤਰ ਵਪਾਰੀ ਦੇ ਘਰੋਂ 250 ਕਰੋੜ ਉਪਰ ਦੀ ਨਗਦੀ ਬਰਾਮਦ-ਭਾਜਪਾ ਨੇ ਲਗਾਏ ਸਪਾ ਨਾਲ ਸਬੰਧਾਂ ਦੇ ਦੋਸ਼

ਨਵੀਂ ਦਿੱਲੀ-ਡੀਜੀਜੀਆਈ ਨੇ ਦੱਸਿਆ ਕਿ ਕਾਨਪੁਰ ਦੇ ਕਾਰੋਬਾਰੀ ਪਿਯੂਸ਼ ਜੈਨ ਦੇ ਕਾਨਪੁਰ ਵਿੱਚ ਸਥਿਤ ਟਿਕਾਣਿਆਂ 'ਤੇ 22 ਦਸੰਬਰ ਤੋਂ ਸ਼ੁਰੂ ਹੋਈ ਛਾਪੇ ਮਾਰਨ ਦੀ ਕਾਰਵਾਈ ਸਮਾਪਤ ਹੋ ਗਈ ਹੈ ਜਿਸ ਦੌਰਾਨ 280 ਕਰੋੜ ਤੋ ਉਪਰ ਨਗਦੀ ਤੇ ਵੱਡੀ ਮਾਤਰਾ ਵਿਚ ਸੋਨਾ ਤੇ ਹੋਰ ਕੀਮਤੀ ਸਮਾਨ ਬਰਾਮਦ ਕੀਤਾ ਗਿਆ ਹੈ। ਪਿਯੂਸ਼ ਜੈਨ ਦਾ ਪੁੱਤਰ ਪ੍ਰਤਿਯੂਸ਼ ਜੈਨ ਘਰ ਨੂੰ ਤਾਲਾ ਲਾ ਕੇ ਹੋਰ ਪੁੱਛ-ਪੜਤਾਲ ਲਈ ਡੀਜੀਜੀਆਈ ਟੀਮ ਨਾਲ ਜਾਂਦਾ ਵਿਖਾਈ ਦਿੱਤਾ। ਡੀਜੀਜੀਆਈ ਦੇ ਵਧੀਕ ਨਿਰਦੇਸ਼ਕ ਜ਼ਾਕਿਰ ਹੁਸੈਨ ਨੇ ਕਿਹਾ ਕਿ ਉਨ੍ਹਾਂ ਨੂੰ ਸੋਨੇ ਤੇ ਹੋਰ ਚੀਜ਼ਾਂ ਤੋਂ ਇਲਾਵਾ 19 ਕਰੋੜ ਰੁਪਏ ਹੋਰ ਬਰਾਮਦ ਹੋਏ ਹਨ। ਇਹ ਟੀਮ ਪਿਛਲੇ ਅੱਠ ਦਿਨਾਂ ਤੋਂ ਕਾਰੋਬਾਰੀ ਪਿਯੂਸ਼ ਜੈਨ ਦੀ ਰਿਹਾਇਸ਼ 'ਤੇ ਮੌਜੂਦ ਸੀ। ਉਨ੍ਹਾਂ ਕਿਹਾ,'ਛਾਪੇ ਦੀ ਕਾਰਵਾਈ ਸਮਾਪਤ ਹੋ ਗਈ ਹੈ ਤੇ ਹੁਣ ਅਸੀਂ ਕੇਸ ਨਾਲ ਸਬੰਧਤ ਕਾਗਜ਼ਾਤ ਤਿਆਰ ਕਰਾਂਗੇ, ਜਿਨ੍ਹਾਂ 'ਚੋਂ ਕੁਝ ਵੱਖ-ਵੱਖ ਏਜੰਸੀਆਂ ਤੇ ਸਬੰਧਤ ਅਦਾਲਤਾਂ ਨੂੰ ਸੌਂਪੇ ਜਾਣਗੇ। ਸਰਕਾਰ ਨੂੰ ਵੀ ਇੱਕ ਰਿਪੋਰਟ ਦਿੱਤੀ ਜਾਵੇਗੀ।






# ਪ੍ਰਧਾਨ ਮੰਤਰੀ ਦੀ 12 ਕਰੋੜ ਵਾਲੀ ਨਵੀ ਮਰਸਡੀਜ਼ ਮੇਅਬੈਕ ਦੀ ਚਰਚਾ-ਵਿਭਾਗ ਨੇ ਦੱਸਿਆ ਰੁਟੀਨ ਦਾ ਮਾਮਲਾ

ਨਵੀਂ ਦਿੱਲੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੁਰੱਖਿਆ ਵਿੱਚ ਤਾਇਨਾਤ ਵਾਹਨਾਂ ਦੇ ਕਾਫ਼ਲੇ ਵਿੱਚ ਸ਼ਾਮਲ ਕੀਤੀ ਮਰਸਿਡੀਜ਼ ਮੇਅਬੈਕ ਦੀ ਕੀਮਤ ਤੇ ਹੋਰ ਤਫ਼ਸੀਲ ਨੂੰ ਲੈ ਕੇ ਛਿੜੀ ਚੁੰਝ ਚਰਚਾ ਦਰਮਿਆਨ ਸਰਕਾਰੀ ਸੂਤਰਾਂ ਨੇ ਅੱਜ ਕਿਹਾ ਕਿ ਨਵੀਂ ਕਾਰ ਪ੍ਰਧਾਨ ਮੰਤਰੀ ਦੀ ਸੁਰੱਖਿਆ ਨਫ਼ਰੀ 'ਚ ਕੋਈ ਅਪਗ੍ਰੇਡੇਸ਼ਨ ਨਹੀਂ ਬਲਕਿ ਰੁਟੀਨ ਤਬਦੀਲੀ ਹੈ ਕਿਉਂਕਿ ਬੀਐੱਮਡਬਲਿਊ ਨੇ ਪ੍ਰਧਾਨ ਮੰਤਰੀ ਲਈ ਵਰਤੇ ਜਾਂਦੇ ਵਾਹਨਾਂ ਦੇ ਮਾਡਲ ਬਣਾਉਣੇ ਬੰਦ ਕਰ ਦਿੱਤੇ ਹਨ। ਅਧਿਕਾਰਤ ਸੂਤਰ ਨੇ ਕਿਹਾ, "ਇਨ੍ਹਾਂ ਕਾਰਾਂ ਦੀ ਕੀਮਤ ਮੀਡੀਆ ਵਿੱਚ ਚੱਲ ਰਹੀ ਚੁੰਝ-ਚਰਚਾ ਨਾਲੋਂ ਕਿਤੇ ਘੱਟ ਹੈ। ਮੀਡੀਆ ਨੇ ਜਿਹੜੀ ਕੀਮਤ ਦਾ ਹਵਾਲਾ ਦਿੱਤਾ ਹੈ, ਉਸ ਤੋਂ ਇਨ੍ਹਾਂ ਦੀ ਕੀਮਤ ਇਕ ਤਿਹਾਈ ਹੈ।" ਦੱਸਣਾ ਬਣਦਾ ਹੈ ਕਿ ਮੀਡੀਆ ਦੇ ਇਕ ਹਿੱਸੇ ਵਿੱਚ ਛਪੀਆਂ ਰਿਪੋਰਟਾਂ ਵਿੱਚ ਮੇਅਬੈਕ ਕਾਰ ਦੀ ਕੀਮਤ 12 ਕਰੋੜ ਤੋਂ ਵੱਧ ਦੱਸੀ ਗਈ ਹੈ। ਸੂਤਰਾਂ ਨੇ ਕਿਹਾ ਕਿ ਐੱਸਪੀਜੀ ਸੁਰੱਖਿਆ ਤਹਿਤ ਕਿਸੇ ਵੀਆਈਪੀ ਦੇ ਸੁਰੱਖਿਆ ਅਮਲੇ ਵਿੱਚ ਤਾਇਨਾਤ ਵਾਹਨਾਂ ਨੂੰ ਛੇ ਸਾਲਾਂ ਮਗਰੋਂ ਬਦਲਣ ਦਾ ਨੇਮ ਹੈ ਜਦੋਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਾਰਜਕਾਲ ਦੌਰਾਨ ਪੁਰਾਣੀਆਂ ਕਾਰਾਂ ਨੂੰ 8 ਸਾਲਾਂ ਤੱਕ ਵਰਤਿਆ ਗਿਆ। ਆਡਿਟ ਦੌਰਾਨ ਇਸ ਤੱਥ ਨੂੰ ਲੈ ਕੇ ਵੱਡਾ ਇਤਰਾਜ਼ ਜਤਾਇਆ ਗਿਆ ਤੇ ਕਿਹਾ ਗਿਆ ਕਿ ਇਹ ਵੀਆਈਪੀ ਦੀ ਸੁਰੱਖਿਆ ਨਾਲ ਸਮਝੌਤਾ ਹੋ ਸਕਦਾ ਹੈ। ਅਧਿਕਾਰੀਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਕਿਸੇ ਖਾਸ ਕਾਰ ਨੂੰ ਵਰਤਣ ਦੀ ਤਰਜੀਹ ਨਹੀਂ ਦਿੱਤੀ ਜਦੋਂਕਿ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਬੀਤੇ ਵਿੱਚ ਰੇਂਜ ਰੋਵਰ ਵਰਤਦੇ ਰਹੇ ਹਨ, ਜੋ ਕਿ ਉਸ ਵੇਲੇ ਖਾਸ ਤੌਰ 'ਤੇ ਪ੍ਰਧਾਨ ਮੰਤਰੀ ਲਈ ਖਰੀਦੀਆਂ ਗਈਆਂ ਸਨ।



# ਲੁਧਿਆਣਾ ਬੰਬ ਧਮਾਕੇ ਦੀ ਸਾਜਿਸ਼ ਦੇ ਦੋਸ਼ ਹੇਠ ਜਰਮਨੀ ਵਿਚ ਸਿਖਸ ਫਾਰ ਜਸਟਿਸ ਦੇ ਕਾਰਕੁੰਨ ਮੁਲਤਾਨੀ ਦੀ ਗ੍ਰਿਫ਼ਤਾਰ ਨੂੰ ਝੁਠਲਾਇਆ

ਲੁਧਿਆਣਾ ਦੇ ਕਚਹਿਰੀ ਕੰਪਲੈਕਸ ਵਿੱਚ ਹੋਏ ਬੰਬ ਧਮਾਕੇ ਦੇ ਤਾਰ ਜਰਮਨੀ ਬੈਠੇ ਪਾਬੰਦੀਸ਼ੁਦਾ ਜਥੇਬੰਦੀ ਸਿੱਖਸ ਫਾਰ ਜਸਟਿਸ (ਐੱਸਐੱਫਜੇ) ਦੇ ਮੈਂਬਰ ਜਸਵਿੰਦਰ ਸਿੰਘ ਮੁਲਤਾਨੀ ਨਾਲ ਜੁੜੇ ਹੋਣ ਤੇ ਜਰਮਨ ਪੁਲੀਸ ਵੱਲੋਂ ਮੁਲਤਾਨੀ ਨੂੰ ਗ੍ਰਿਫ਼ਤਾਰ ਕਰਨ ਦੇ ਦਾਅਵਿਆਂ ਤੋਂ ਇਕ ਦਿਨ ਮਗਰੋਂ ਇਸ ਪੂਰੇ ਘਟਨਾਕ੍ਰਮ ਵਿੱਚ ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓ ਨਾਲ ਨਵਾਂ ਮੋੜ ਆ ਗਿਆ। ਵੀਡੀਓ ਵਿੱਚ ਐੱਸਐੱਫਜੇ ਮੁਖੀ ਗੁਰਪਤਵੰਤ ਸਿੰਘ ਪੰਨੂ ਨਾਲ ਬੈਠੇ ਜਸਵਿੰਦਰ ਸਿੰਘ ਮੁਲਤਾਨੀ ਨੂੰ ਸਵਾਲ ਜਵਾਬ ਕਰਦਾ ਨਜ਼ਰ ਆ ਰਿਹਾ ਹੈ। ਪੰਨੂ ਨੇ ਵੀਡੀਓ ਰਾਹੀਂ ਦਾਅਵਾ ਕੀਤਾ ਕਿ ਮੁਲਤਾਨੀ ਨੂੰ ਨਾ ਗ੍ਰਿਫ਼ਤਾਰ ਤੇ ਨਾ ਹੀ ਹਿਰਾਸਤ ਵਿੱਚ ਲਿਆ ਗਿਆ ਹੈ ਬਲਕਿ ਉਹ ਆਪਣੇ ਘਰ ਵਿੱਚ ਹੈ। ਇਹ ਵੀਡੀਓ ਮੰਗਲਵਾਰ ਦੀ ਦੱਸੀ ਜਾ ਰਹੀ ਹੈ। ਕਰੀਬ ਤਿੰਨ ਮਿੰਟ ਦੀ ਇਸ ਵੀਡੀਓ 'ਚ ਪੰਨੂ ਖ਼ੁਦ ਮੇਜ਼ਬਾਨ ਬਣ ਮੁਲਤਾਨੀ ਦਾ ਇੰਟਰਵਿਊ ਲੈ ਰਿਹਾ ਹੈ। ਸੂਤਰਾਂ ਮੁਤਾਬਕ ਵੀਡੀਓ ਜਾਰੀ ਹੋਣ ਤੋਂ ਬਾਅਦ ਤਫ਼ਤੀਸ਼ੀ ਏਜੰਸੀਆਂ ਚੌਕਸ ਹੋ ਗਈਆਂ ਹਨ ਤੇ ਜਾਂਚ ਕੀਤੀ ਜਾ ਰਹੀ ਹੈ ਕਿ ਵੀਡੀਓ ਕਿੱਥੋਂ ਜਾਰੀ ਕੀਤੀ ਗਈ ਹੈ। ਵੀਡੀਓ ਵਿੱਚ ਗੁਰਪਤਵੰਤ ਸਿੰਘ ਪੰਨੂ ਨੇ ਆਪਣੇ ਪਿੱਛੇ ਇੱਕ ਨਕਸ਼ਾ ਲਾਇਆ ਹੋਇਆ ਹੈ। ਨਕਸ਼ੇ ਵਿੱਚ ਪੰਜਾਬ ਨੂੰ ਖਾਲਿਸਤਾਨ ਵਜੋਂ ਦਿਖਾਇਆ ਗਿਆ ਹੈ ਤੇ ਆਸਪਾਸ ਜੰਮੂ ਕਸ਼ਮੀਰ, ਨੇਪਾਲ ਤੇ ਪਾਕਿਸਤਾਨ ਵੀ ਨਜ਼ਰ ਆਉਂਦੇ ਹਨ। ਇਸ ਦੇ ਨਾਲ ਦੂਸਰੇ ਫਰੇਮ 'ਚ ਇੱਕ ਨੌਜਵਾਨ ਮੌਜੂਦ ਹੈ, ਜੋ ਖ਼ੁਦ ਨੂੰ ਜਸਵਿੰਦਰ ਸਿੰਘ ਮੁਲਤਾਨੀ ਦੱਸਦਾ ਹੈ। ਲੰਘੇ ਦਿਨ ਜਿਹੜੀ ਫੋਟੋ ਰਿਲੀਜ਼ ਹੋਈ ਸੀ, ਉਸ ਵਿੱਚ ਮੁਲਤਾਨੀ ਨੇ ਦਾੜ੍ਹੀ ਰੱਖੀ ਸੀ ਤੇ ਚਿੱਟੇ ਰੰਗ ਦੀ ਟੀ-ਸ਼ਰਟ ਪਾਈ ਸੀ, ਜਿਸ 'ਚ 2020 ਲਿਖਿਆ ਸੀ। ਵੀਡੀਓ 'ਚ ਜਸਵਿੰਦਰ ਸਿੰਘ ਮੁਲਤਾਨੀ ਕਲੀਨਸ਼ੇਵ ਹੈ ਤੇ ਉਸ ਨੇ ਉਹੀ 2020 ਲਿਖੀ ਚਿੱਟੇ ਰੰਗ ਦੀ ਟੀ-ਸ਼ਰਟ ਪਾਈ ਹੋਈ ਹੈ। ਵੀਡੀਓ ਵਿੱਚ ਪੰਨੂ, ਜਸਵਿੰਦਰ ਸਿੰਘ ਮੁਲਤਾਨੀ ਦਾ ਹਾਲ ਪੁੱਛਦਾ ਹੈ ਤੇ ਕਹਿੰਦਾ ਹੈ ਕਿ ਉਹ ਪੰਜਾਬ ਦੇ ਲੋਕਾਂ ਤੇ ਕੌਮ ਨੂੰ ਦੱਸੇ ਕਿ ਉਹ ਮੰਗਲਵਾਰ ਨੂੰ ਕਿੱਥੇ ਹੈ ਤੇ ਕੀ ਕਰ ਰਿਹਾ ਹੈ। ਇਸ ਦੇ ਜਵਾਬ ਵਿੱਚ ਮੁਲਤਾਨੀ ਕਹਿੰਦਾ ਹੈ ਕਿ ਉਹ ਮੰਗਲਵਾਰ ਨੂੰ ਆਪਣੇ ਘਰ 'ਚ ਹੈ ਤੇ ਸਹੀ ਸਲਾਮਤ ਹੈ। ਪੰਨੂ ਫਿਰ ਸਵਾਲ ਕਰਦਾ ਹੈ ਕਿ ਜਸਵਿੰਦਰ ਜੀ ਤੁਹਾਡੇ 'ਤੇ ਪੰਜਾਬ ਵਿੱਚ ਜਿਹੜੇ ਦੋਸ਼ ਲੱਗੇ ਹਨ, ਉਸ ਦਾ ਕੀ ਮਕਸਦ ਹੈ? ਮੁਲਤਾਨੀ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਬੇਬੁਨਿਆਦ ਦੱਸਦਾ ਹੋਇਆ ਕਹਿੰਦਾ ਹੈ ਕਿ ਉਹ ਜਰਮਨੀ 'ਚ ਹੀ ਹੈ। ਉਸ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਅਤੇ ਹਰ ਸਮੇਂ ਸਰਕਾਰ ਨਾਲ ਉਨ੍ਹਾਂ ਦੀ ਗੱਲ ਹੁੰਦੀ ਹੈ। ਉਹ ਹੁਣ ਵੀ ਘਰ 'ਚ ਹੀ ਮੌਜੂਦ ਹੈ। ਜਸਵਿੰਦਰ ਸਿੰਘ ਕਹਿੰਦਾ ਹੈ ਕਿ ਖਾਲਿਸਤਾਨ ਦੀ ਮੰਗ ਨੂੰ ਲੈ ਕੇ ਕਈ ਮੁਲਕਾਂ ਵਿੱਚ ਰੈਫਰੈਂਡਮ (ਲੋਕਮੱਤ) ਲਈ ਵੋਟਾਂ ਦਾ ਅਮਲ ਜਾਰੀ ਹੈ, ਜਿਸ ਕਰਕੇ ਉਨ੍ਹਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਇਹ ਵੀਡੀਓ ਵੱਖ ਵੱਖ ਵਿਦੇਸ਼ੀ ਨੰਬਰਾਂ ਦੇ ਜ਼ਰੀਏ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿੱਚ ਲੋਕਾਂ ਨੂੰ ਆ ਰਹੀ ਹੈ।




WE HAVE MOVED TO BIGGER & BETTER LOCATION
#208-7110-120TH ST, SURREY




ICBC
NO WIN NO FEE
WE DO HOME & HOSPITAL VISITS

- Criminal Law
- Divorce Cases
- Immigration Law
- Notary Services

Your Lawyers,
Because We Care

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM



# ਕਾਂਗਰਸੀ ਵਿਧਾਇਕ ਬਾਜਵਾ, ਲਾਡੀ ਤੇ ਸਾਬਕਾ ਅਕਾਲੀ ਵਿਧਾਇਕ...

ਸ.ਫ਼ਾ 1 ਦੀ ਬਾਕੀ

ਦੇ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਸਾਫ਼ ਹੋ ਗਿਆ ਹੈ ਕਿ ਪੰਜਾਬ ਵਿੱਚ ਸਿਆਸੀ ਹਵਾ ਦਾ ਰੁਖ਼ ਕਿੱਧਰ ਨੂੰ ਹੈ। ਤਿੰਨ ਅਕਾਲੀ ਆਗੂਆਂ ਦੀ ਭਾਜਪਾ ਵਿੱਚ ਸ਼ਮੂਲੀਅਤ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਵੱਡਾ ਝਟਕਾ ਲੱਗਾ ਹੈ। ਇਸ ਤੋਂ ਪਹਿਲਾਂ ਲੰਘੇ ਦਿਨ ਤਿੰਨ ਵਾਰ ਵਿਧਾਇਕ ਰਹੇ ਅਕਾਲੀ ਆਗੂ ਗੁਰਤੇਜ ਸਿੰਘ ਘੁੜਿਆਣਾ ਨੇ ਭਾਜਪਾ ਦਾ ਲੜ ਫੜਿਆ ਸੀ। ਅਕਾਲੀ ਦਲ ਦੇ ਸੀਨੀਅਰ ਆਗੂ ਮਨਜਿੰਦਰ ਸਿੰਘ ਸਿਰਸਾ ਪਹਿਲੀ ਦਸੰਬਰ ਨੂੰ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। ਅਗਲੇ ਦਿਨਾਂ ਦੌਰਾਨ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਦੇ ਹੋਰ ਆਗੂਆਂ ਦੇ ਵੀ ਭਾਜਪਾ ਵਿੱਚ ਜਾਣ ਦੀਆਂ ਕਨਸੋਆਂ ਹਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਚੁਣੇ ਹੋਏ ਮੈਂਬਰਾਂ ਨਾਲ ਵੀ ਭਾਜਪਾ ਹਾਈਕਮਾਨ ਸੰਪਰਕ ਵਿੱਚ ਹੈ।

# ਵਿਗਿਆਨੀਆਂ ਨੇ ਓਮੀਕਰੋਨ ਦੇ ਐਂਟੀਬਾਡੀਜ਼ ਦੀ ਪਛਾਣ ਕੀਤੀ

ਸ.ਫ਼ਾ 1 ਦੀ ਬਾਕੀ

ਵਿਰੁੱਧ ਪ੍ਰਭਾਵੀ ਹੋ ਸਕਦੇ ਹਨ। "ਇਹ ਖੋਜ ਸਾਨੂੰ ਦੱਸਦੀ ਹੈ ਕਿ ਸਪਾਈਕ ਪ੍ਰੋਟੀਨ 'ਤੇ ਇਨ੍ਹਾਂ ਉੱਚ ਸੁਰੱਖਿਅਤ ਸਾਈਟਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਐਂਟੀਬਾਡੀਜ਼ 'ਤੇ ਧਿਆਨ ਕੇਂਦ੍ਰਤ ਕਰਕੇ, ਵਾਇਰਸ ਦੇ ਨਿਰੰਤਰ ਵਿਕਾਸ ਨੂੰ ਦੂਰ ਕਰਨ ਦਾ ਇੱਕ ਤਰੀਕਾ ਹੈ," ਵੀਸਲਰ ਨੇ ਇੱਕ ਪ੍ਰੈਸ ਰਿਲੀਜ਼ ਵਿੱਚ ਕਿਹਾ। ਵਾਇਰਸ ਦੇ ਸਪਾਈਕ ਪ੍ਰੋਟੀਨ ਦੇ ਦੋ ਮੁੱਖ ਖੇਤਰਾਂ ਵਿੱਚ ਵੱਡੀ ਗਿਣਤੀ ਵਿੱਚ ਪਰਿਵਰਤਨ ਦੇ ਕਾਰਨ ਓਮੀਕਰੋਨ ਰੂਪ ਨੂੰ "ਅਸਾਧਾਰਨ" ਮੰਨਿਆ ਜਾਂਦਾ ਹੈ। ਪਿਛਲੇ ਮਹੀਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਬੋਲਦੇ ਹੋਏ, ਕੈਨੇਡਾ ਦੀ ਮੁੱਖ ਪਬਲਿਕ ਹੈਲਥ ਅਫਸਰ, ਡਾ। ਥੇਰੇਸਾ ਟੈਮ, ਨੇ ਕਿਹਾ ਕਿ ਪਰਿਵਰਤਨ ਦਾ ਇੱਕ ਖੇਤਰ ਵਾਇਰਸ ਦੇ ਸਪਾਈਕ ਰੀਸੈਪਟਰ ਬਾਈਡਿੰਗ ਡੋਮੇਨ ਵਿੱਚ ਹੈ।

# ਬੀ.ਸੀ. ਫੈਰੀ ਯਾਤਰਾ ਰੱਦ

ਸ.ਫ਼ਾ 1 ਦੀ ਬਾਕੀ

ਨੇ ਇੱਕ ਬਿਆਨ ਵਿੱਚ ਕਿਹਾ, "ਕਵੀਨ ਆਫ਼ ਨਿਊ ਵੈਸਟਮਿੰਸਟਰ ਦੇ ਡਿਊਕ ਪੁਆਇੰਟ ਦੇ ਬਾਹਰ" ਅੱਜ ਠੰਡੇ ਮੌਸਮ ਦੇ ਕਾਰਨ, ਪਾਣੀ ਦੀਆਂ ਪਾਈਪਾਂ, ਵਾਸ਼ਰੂਮ ਬੰਦ ਹੋਣ ਅਤੇ ਵਾਹਨ ਦੇ ਡੈੱਕ 'ਤੇ ਅਸੁਰੱਖਿਅਤ ਸਥਿਤੀਆਂ ਕਾਰਨ ਰੱਦ ਕਰ ਦਿੱਤੀਆਂ ਗਈਆਂ ਹਨ। ਦੁਪਹਿਰ 3:15 ਵਜੇ ਟਵਾਸਨ ਤੋਂ ਡਿਊਕ ਪੁਆਇੰਟ ਦੇ ਬਾਹਰ ਵੀ ਰੱਦ ਕਰ ਦਿੱਤਾ ਗਿਆ ਸੀ। ਬੁਕਿੰਗ ਵਾਲੇ ਗਾਹਕਾਂ ਨੂੰ ਉਨ੍ਹਾਂ ਨੂੰ ਰੱਦ ਕਰ ਦਿੱਤਾ ਜਾਵੇਗਾ ਅਤੇ ਰਿਫੰਡ ਕੀਤਾ ਜਾਵੇਗਾ, ਅਤੇ ਮੰਗਲਵਾਰ ਨੂੰ ਯਾਤਰਾ "ਸਟੈਂਡਬਾਏ ਆਧਾਰ 'ਤੇ ਵਾਪਸ ਆ ਜਾਵੇਗੀ।" ਕਿਸੇ ਵੀ ਵਿਅਕਤੀ ਨੂੰ ਯਾਤਰਾ ਦੀ ਲਚਕਤਾ ਵਾਲੇ ਕਿਸੇ ਵੀ ਵਿਅਕਤੀ ਨੂੰ ਉੱਤਰੀ ਵੈਨਕੂਵਰ ਅਤੇ ਨੈਨਾਈਮੋ ਦੇ ਵਿਚਕਾਰ ਹਾਰਸਸ਼ੂ ਬੇ-ਡਿਪਾਰਚਰ ਬੇ ਰੂਟ, ਜਾਂ ਸਿਡਨੀ ਵਿੱਚ ਤਸਵਵਾਸਨ ਤੋਂ ਸਵਰਟਜ਼ ਬੇ ਰੂਟ 'ਤੇ ਵਿਚਾਰ ਕਰਨ ਲਈ ਕਿਹਾ ਜਾਂਦਾ ਹੈ।

# ਪੰਜਾਬ ਲੋਕ ਕਾਂਗਰਸ, ਸੰਯੁਕਤ ਅਕਾਲੀ ਅਤੇ ਭਾਜਪਾ ਵਿਚਾਲੇ ਚੋਣ ਗਠਜੋੜ

ਸ.ਫ਼ਾ 1 ਦੀ ਬਾਕੀ

ਦੇ ਵੱਖ-ਵੱਖ ਆਗੂਆਂ ਨਾਲ ਮੁਲਾਕਾਤ ਕਰ ਰਹੇ ਹਨ। ਇਸ ਦੌਰਾਨ ਭਾਜਪਾ, ਪੀਐੱਲਸੀ ਅਤੇ ਢੀਂਡਸਾ ਧੜੇ ਵਿਚਾਲੇ ਹੋਣ ਜਾ ਰਹੇ ਸੰਭਾਵੀ ਗੱਠਜੋੜ ਬਾਰੇ ਵਿਚਾਰ-ਚਰਚਾ ਕੀਤੀ ਗਈ। ਉੱਧਰ, ਕੈਪਟਨ ਅਮਰਿੰਦਰ ਸਿੰਘ ਅਤੇ ਸ੍ਰੀ ਢੀਂਡਸਾ ਨੇ ਵੀ ਇਸ ਮੁਲਾਕਾਤ ਦੀ ਪੁਸ਼ਟੀ ਕੀਤੀ ਹੈ।

## ਦੇਸ਼ ਦੀ ਸੁਰੱਖਿਆ ਲਈ ਭਾਜਪਾ ਨਾਲ ਸਮਝੌਤਾ ਕੀਤਾ-ਕੈਪਟਨ

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਨਵੀਂ ਬਣੀ ਪਾਰਟੀ ਪੰਜਾਬ ਲੋਕ ਕਾਂਗਰਸ ਦੇ ਮੁਖੀ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਨੇ ਦੇਸ਼ ਦੀ ਸੁਰੱਖਿਆ ਅਤੇ ਪੰਜਾਬ ਦੇ ਵਿਕਾਸ ਲਈ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਗੱਠਜੋੜ ਕੀਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਹ ਗੱਠਜੋੜ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਹਾਸਲ ਕਰੇਗਾ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਭਾਜਪਾ ਦੇ ਕੌਮੀ ਪ੍ਰਧਾਨ ਜੇ.ਪੀ. ਨੱਢਾ ਅਤੇ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨਾਲ ਦਿੱਲੀ ਵਿੱਚ ਮੁਲਾਕਾਤ ਮਗਰੋਂ ਅਮਰਿੰਦਰ ਸਿੰਘ ਨੇ ਕਿਹਾ ਕਿ ਮੈਂ ਖੁਸ਼ ਹਾਂ ਕਿ ਦੇਸ਼ ਦੀ ਸੁਰੱਖਿਆ, ਭਲਾਈ ਅਤੇ ਪੰਜਾਬ ਦੇ ਵਿਕਾਸ ਲਈ ਅਸੀਂ ਇਕੱਠੇ ਹਾਂ। ਜ਼ਿਕਰਯੋਗ ਹੈ ਕਿ ਤਿੰਨਾਂ ਪਾਰਟੀਆਂ ਵੱਲੋਂ ਇਕੱਠਿਆਂ ਚੋਣ ਲੜਨ ਦਾ ਐਲਾਨ ਕੀਤਾ ਗਿਆ ਹੈ। ਇੱਕ ਬਿਆਨ ਵਿੱਚ ਅਮਰਿੰਦਰ ਸਿੰਘ ਕਿਹਾ, "ਕੇਂਦਰ ਅਤੇ ਪੰਜਾਬ ਵਿੱਚ ਦੋਵੇਂ ਥਾਈਂ ਭਾਜਪਾ ਦੀ ਸਰਕਾਰ ਹੋਣ 'ਤੇ, ਪੰਜਾਬ ਦੋਹਰੇ ਇੰਜਣ ਦੇ ਸਹਾਰੇ ਖੁਸ਼ਹਾਲੀ ਅਤੇ ਵਿਕਾਸ ਦੇ ਰਾਹ 'ਤੇ ਤੇਜ਼ੀ ਨਾਲ ਅੱਗੇ ਵਧੇਗਾ। ਉਨ੍ਹਾਂ ਇਹ ਵੀ ਕਿਹਾ ਕਿ ਚੋਣ ਮਨੋਰਥ ਪੱਤਰ ਤਿਆਰ ਕੀਤਾ ਜਾ ਰਿਹਾ ਹੈ ਅਤੇ ਸੀਟਾਂ ਦੀ ਵੰਡ 'ਤੇ ਵੀ ਛੇਤੀ ਹੀ ਸਮਝੌਤਾ ਹੋ ਜਾਵੇਗਾ।




# ਓਮੀਕਰੋਨ ਦੇ ਵਾਧੇ ਕਾਰਣ ਹਜ਼ਾਰਾਂ ਫਲਾਈਟਾਂ ਰੱਦ

ਸ.ਫ਼ਾ 1 ਦੀ ਬਾਕੀ

ਜਿਨ੍ਹਾਂ ਵਿੱਚੋਂ 1,000 ਤੋਂ ਵੱਧ ਸੰਯੁਕਤ ਰਾਜ ਅਮਰੀਕਾ ਦੇ ਅੰਦਰ, ਅੰਦਰ ਜਾਂ ਬਾਹਰ, ਟਰੈਕਿੰਗ ਵੈਬਸਾਈਟ ਫਲਾਈਟ ਅਵੇਅਰ ਦੇ ਅਨੁਸਾਰ। 8,000 ਤੋਂ ਵੱਧ ਉਡਾਣਾਂ ਵਿੱਚ ਦੇਰੀ ਹੋਈ ਹੈ। ਸੋਮਵਾਰ ਨੇ 2,800 ਤੋਂ ਵੱਧ ਉਡਾਣਾਂ ਰੱਦ ਕੀਤੀਆਂ, ਅਤੇ 11,000 ਦੇਰੀ ਨਾਲ ਯਾਤਰੀਆਂ ਲਈ ਇੱਕ ਅਜਿਹਾ ਹੀ ਡਰਾਉਣਾ ਸੁਪਨਾ ਪੇਸ਼ ਕੀਤਾ। ਵਿਸ਼ਵ ਪੱਧਰ 'ਤੇ, ਏਅਰਲਾਈਨਾਂ ਨੇ ਕ੍ਰਿਸਮਸ ਦੀ ਸ਼ਾਮ, ਕ੍ਰਿਸਮਿਸ ਅਤੇ ਕ੍ਰਿਸਮਸ ਤੋਂ ਅਗਲੇ ਦਿਨ 6,000 ਤੋਂ ਵੱਧ ਉਡਾਣਾਂ ਨੂੰ ਰੱਦ ਕਰ ਦਿੱਤਾ। ਸੰਯੁਕਤ ਰਾਜ ਵਿੱਚ, 1,200 ਤੋਂ ਵੱਧ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਸਨ ਅਤੇ ਇਕੱਲੇ ਐਤਵਾਰ ਨੂੰ 5,000 ਤੋਂ ਵੱਧ ਦੇਰੀ ਹੋ ਗਈ ਸੀ ਕਿਉਂਕਿ ਸਟਾਫ ਅਤੇ ਅਮਲੇ ਦੇ ਬਿਮਾਰ ਹੋਣ ਕਾਰਨ। ਰੱਦ ਕਰਨਾ ਹਵਾਈ ਯਾਤਰਾ ਲਈ ਸਾਲ ਦੇ ਸਭ ਤੋਂ ਵਿਅਸਤ ਸਮੇਂ 'ਤੇ ਆਉਂਦਾ ਹੈ। ਯੂ।ਐੱਸ। ਟਰਾਂਸਪੋਰਟੇਸ਼ਨ ਸੁਰੱਖਿਆ ਪ੍ਰਸ਼ਾਸਨ ਨੇ ਕਿਹਾ ਕਿ ਇਸ ਨੇ ਛੁੱਟੀ ਵਾਲੇ ਵੀਕਐਂਡ 'ਤੇ ਹਰ ਰੋਜ਼ ਲੱਖਾਂ ਲੋਕਾਂ ਦੀ ਜਾਂਚ ਕੀਤੀ, ਵੀਰਵਾਰ, ਦਸੰਬਰ 23 ਨੂੰ 2।19 ਮਿਲੀਅਨ ਯਾਤਰੀਆਂ ਦੀ ਸਿਖਰ 'ਤੇ ਰਹੀ।

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
iccrc crcic
CANADA IMMIGRATION
• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

OASIS WINDOWS INC.
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES
Lifetime Limited Warranty



"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

# ਬੇਅਦਬੀ ਦੇ ਦੋਸ਼ੀ ਨਾਲ ਖਾਣਾ ਖਾ ਕੇ ਨਵਜੋਤ ਸਿੰਘ ਸਿੱਧੂ ਕਸੂਤੇ ਘਿਰੇ

## ਸਿੱਖੀ ਦੇ ਧਾਰਮਿਕ ਸ਼ਬਦ ਉੱਤੇ ਕੁੜੀਆਂ ਦਾ ਡਾਂਸ ਕਰਾਇਆ ਸੀ ਦੋਸ਼ੀ ਨੇ

ਡੇਰਾ ਬੱਸੀ-ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਇੱਕ ਵਾਰ ਫਿਰ ਵਿਵਾਦਾਂ ਵਿੱਚ ਘਿਰ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮੁੱਦਾ ਜ਼ੋਰਾਂ ਨਾਲ ਚੁੱਕਣ ਵਾਲੇ ਨਵਜੋਤ ਸਿੰਘ ਸਿੱਧੂ ਨੇ ਅੱਜ ਬੁੱਧਵਾਰ ਨੂੰ ਜ਼ੀਰਕਪੁਰ ਵਿੱਚ ਇੱਕ ਐਸੇ ਵਿਅਕਤੀ ਦੇ ਢਾਬੇ ਉੱਤੇ ਦੁਪਹਿਰ ਦਾ ਖਾਣਾ ਖਾਧਾ, ਜਿਸ ਉੱਤੇ ਗੁਰਬਾਣੀ ਦੀ ਬੇਅਦਬੀ ਕਰਨ ਦਾ ਕੇਸ ਦਰਜ ਹੈ। 'ਪੰਜਾਬ ਬੋਲ ਕਾਂਗਰਸ ਦੇ ਬੁਲਾਰੇ ਪ੍ਰਿਤਪਾਲ ਸਿੰਘ ਬਲਿਆਵਾਲ ਨੇ ਦੱਸਿਆ ਕਿ 'ਸੇਠੀ ਢਾਬੇ ਦੇ ਮਾਲਕ ਵਿਜੇ ਕੁਮਾਰ ਉਰਫ ਸੋਨੂੰ ਸੇਠੀ ਉੱਤੇ ਇਸੇ ਸਾਲ 8 ਅਗਸਤ ਨੂੰ ਬੇਅਦਬੀ ਦੀਆਂ ਧਾਰਾਵਾਂ ਦਾ ਕੇਸ ਦਰਜ ਹੋਇਆ ਸੀ। ਉਸ ਨੇ ਸਿੱਖੀ ਦੇ ਇੱਕ ਧਾਰਮਿਕ ਸ਼ਬਦ ਉੱਤੇ ਕੁੜੀਆਂ ਤੋਂ ਡਾਂਸ ਕਰਵਾਇਆ ਸੀ। ਇਸ ਦੀ ਵੀਡੀ? ਇੰਟਰਨੈੱਟ ਮੀਡੀਆ ਉੱਤੇਵੀ ਵਾਇਰਲ ਹੋਈ ਸੀ। ਬਾਲੀਆਵਾਲ ਨੇ ਕਿਹਾ ਕਿ ਉਨ੍ਹਾਂ ਨੂੰ ਆਸ ਹੈ ਕਿ ਨਵਜੋਤ ਸਿੰਘ ਸਿੱਧੂ ਇਸ ਦਾ ਜਵਾਬ ਜ਼ਰੂਰ ਦੇਣਗੇ, ਕਿਉਂਕਿ ਇਹ ਮਾਮਲਾ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਜੁੜਿਆ ਹੈ। ਨਵਜੋਤ ਸਿੰਘ ਸਿੱਧੂ ਜਦੋਂ ਡੇਰਾ ਬੱਸੀ ਦੇ



ਢਾਬੇ ਉੱਤੇਖਾਣਾ ਖਾਣ ਗਏ ਤਾਂ ਕੁਝ ਹਿੰਦੂ ਸੰਗਠਨਾਂ ਨੇ ਵੀ ਉਨ੍ਹਾਂ ਦਾ ਵਿਰੋਧਾ ।ਸਿੱਧੂ ਉਥੇ ਦੇਸੀ ਅੰਦਾਜ਼ ਵਿੱਚ ਮੰਜੇ ਉੱਤੇ ਬੈਠ ਕੇ ਖਾਣਾ ਖਾ ਰਹੇ ਸਨ ਤਾਂ ਕੁਝ ਹਿੰਦੂ ਸੰਗਠਨਾਂ ਦੇ ਕਾਰਕੁੰਨਾਂ ਨੇ ਉਨ੍ਹਾਂ ਨੂੰ ਘੇਰ ਲਿਆ ਤੇ ਕਾਲੇ ਝੰਡੇ ਵਿਖਾ ਕੇ ਨਾਅਰੇਬਾਜ਼ੀ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਸਿੱਧੂ ਨੇ ਜ਼ਾਹਰਪੀਰ ਗੁੱਗਾ ਬਾਰੇ ਗਲਤ ਟਿੱਪਣੀ ਕੀਤੀ ਸੀ, ਜਿਸ ਨਾਲ ਉਨ੍ਹਾਂ ਦੀ ਆਸਥਾ ਨੂੰ ਠੇਸ ਪੁੱਜੀ ਹੈ। ਗੋਰਖ ਟਿੱਲਾ ਬਾਗੜ (ਰਾਜਸਥਾਨ) ਦੇ ਮੈਂਬਰ ਸੁਰੇਸ਼ ਸ਼ਾਰਧਾ ਅਤੇ ਰਾਜਪੂਤ ਸਭਾ ਡੇਰਾ ਬੱਸੀ ਦੇ ਪ੍ਰਧਾਨ ਟੋਨੀ ਰਾਣਾ ਨੇ ਕਿਹਾ ਕਿ ਸਿੱਧੂ ਪਹਿਲਾਂ ਵੀ ਕਈ ਵਾਰ ਹਿੰਦੂ ਦੇਵੀ-ਦੇਵਤਿਆਂ ਬਾਰੇ ਗਲਤ ਟਿਪਣੀਆਂ ਕਰ ਚੁੱਕੇ ਹਨ, ਇਸ ਲਈ ਇਨ੍ਹਾਂ ਦਾ ਵਿਰੋਧ ਕੀਤਾ ਗਿਆ ਹੈ। ਨਵਜੋਤ ਸਿੰਘ ਸਿੱਧੂ ਜਦੋਂ ਢਾਬੇਤੋਂ ਬਾਹਰ ਆਏ ਤਾਂ ਉਥੇ ਮੌਜੂਦ ਹਿੰਦੂ ਸੰਗਠਨਾਂ ਦੇ ਕੁਰਕੰਨਾਂ ਨੇ ਉਨ੍ਹਾਂ ਖਿਲਾਫ ਨਾਅਰੇਬਾਜ਼ੀ ਕਰ ਕੇ ਉਨ੍ਹਾਂ ਦੀ ਗੱਡੀ ਦਾ ਰਾਹ ਰੋਕਿਆ। ਉਨ੍ਹਾਂ ਮੰਗ ਕੀਤੀ ਕਿ ਨਵਜੋਤ ਸਿੰਘਸਿੱਧੂ ਇਸ ਗਲਤੀ ਲਈ ਮਾਫੀ ਮੰਗਣ ।ਨਵਜੋਤ ਸਿੰਘ ਸਿੱਧੂ ਦੀ ਗੱਡੀ ਨੇੜੇ ਆਈ ਤਾਂ ਪ੍ਰਦਰਸ਼ਨਕਾਰੀਆਂ ਨੇ ਕਾਲੇ ਝੰਡੇ ਉਨ੍ਹਾਂ ਦੀ ਗੱਡੀ ਉੱਤੇਵੀ ਸੁੱਟੇ। ਪੁਲਿਸ ਨੂੰ ਸਿੱਧੂ ਦੀ ਗੱਡੀ ਸੁਰੱਖਿਅਤ ਕੱਢਣ ਵਿੱਚ ਕਾਫੀ ਮੁਸ਼ਕਲ ਪੇਸ਼ ਆਈ।

## ਸਾਬਕਾ ਚੀਫ ਸੈਕਟਰੀ ਵਿੰਨੀ ਮਹਾਜਨ ਨੂੰ ਕੇਂਦਰ ਸਰਕਾਰ ਨੇ ਅਹਿਮ ਜ਼ਿੰਮੇਵਾਰੀ ਦਿੱਤੀ



ਚੰਡੀਗੜ੍ਹ-ਪੰਜਾਬ ਦੀ ਸੀਨੀਅਰ ਆਈ ਏ ਐਸ ਅਧਿਕਾਰੀ ਤੇ ਸਾਬਕਾ ਚੀਫ ਸੈਕਟਰੀ ਵਿੰਨੀ ਮਹਾਜਨ ਨੂੰ ਕੇਂਦਰੀ ਕੈਬਨਿਟ ਦੀ ਨਿਯੁਕਤੀਆਂ ਬਾਰੇ ਕਮੇਟੀ ਨੇ ਪੀਣ ਵਾਲੇ ਪਾਣੀ ਅਤੇ ਸਵੱਛਤਾ ਵਿਭਾਗ ਵਿੱਚਸੈਕਟਰੀ ਨਿਯੁਕਤ ਕੀਤਾ ਹੈ। ਪੰਜਾਬ ਕੇਡਰ ਦੀ 1987 ਬੈਚ ਦੀ ਆਈ ਏ ਐਸ ਅਧਿਕਾਰੀ ਵਿਨੀ ਮਹਾਜਨ ਫਿਲਹਾਲ ਆਪਣੇ ਕੇਡਰ ਸੂਬੇ ਪੰਜਾਬ ਵਿੱਚ ਕਾਰਜਸ਼ੀਲ ਹਨ। ਪਾਣੀ ਸ਼ਕਤੀ ਮੁਹਿੰਮ ਨੂੰਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਚਲਾਈ ਜਾ ਰਹੀ ਮੁਹਿੰਮ ਵਿੱਚ ਸਭ ਤੋਂ ਅਹਿਮ ਮੰਨਿਆ ਜਾਂਦਾ ਹੈ। ਸ੍ਰੀਮਤੀ ਵਿੰਨੀ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਿੱਚਚੀਫਸੈਕਟਰੀ ਸਨ। ਇਸ ਅਹੁਦੇ ਉੱਤੇ ਤਾਇਨਾਤ ਹੋਣ ਵਾਲੀ ਉਹ ਪੰਜਾਬ ਦੀ ਪਹਿਲੀ ਮਹਿਲਾ ਅਫਸਰ ਸੀ।2005 ਤੋਂ 2012 ਤਕ ਉਹ ਉਸ ਵਕਤ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਸਮੇਂ ਕੇਂਦਰ ਸਰਕਾਰ ਵਿੱਚ ਅਹਿਮ ਅਹੁਦੇ ਉੱਤੇ ਰਹੀ ਸੀ। ਉਨ੍ਹਾਂ ਪ੍ਰਧਾਨ ਮੰਤਰੀ ਦਫਤਰ ਦੇ ਨਾਲ ਹੀ ਵਿੱਤ ਵਿਭਾਗ, ਟੈਲੀਕਾਮ, ਇੰਡਸਟਰੀ ਐਂਡ ਕਾਮਰਸ ਅਤੇ ਆਈ ਟੀ ਵਿੱਚ ਵੀ ਸੇਵਾਵਾਂ ਦਿੱਤੀਆਂ। ਸਾਲ 1995 ਵਿੱਚ ਜਦ ਉਨ੍ਹਾਂ ਰੋਪੜ ਦੀ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ ਤਾਂ ਉਹ ਪੰਜਾਬ ਵਿੱਚ ਡਿਪਟੀ ਕਮਿਸ਼ਨਰ ਤਾਇਨਾਤ ਹੋਣ ਵਾਲੀ ਪਹਿਲੀ ਮਹਿਲਾ ਅਧਿਕਾਰੀ ਬਣੀ ਸੀ।

## ਅਕਾਲੀ ਦਲ ਵੱਲੋਂ ਦੋਸ਼ ਚੋਣਵੀਂ ਜਾਣਕਾਰੀ ਲੀਕ ਕਰ ਕੇ ਮਜੀਠੀਏ ਦਾ ਅਕਸ ਵਿਗਾੜਿਆ ਜਾ ਰਿਹੈ

ਚੰਡੀਗੜ੍ਹ-ਯੂਥ ਅਕਾਲੀ ਦਲ ਦੇ ਪ੍ਰਧਾਨ ਪਰਮਬੰਸ ਸਿੰਘ ਰੋਮਾਣਾ ਦਾ ਕਹਿਣਾ ਹੈ ਕਿ ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਅਕਸ ਵਿਗਾੜਨ ਲਈਪੰਜਾਬ ਸਰਕਾਰ ਵੱਲੋਂ ਚੋਣਵੀਂ ਜਾਣਕਾਰੀ ਮੀਡੀਆ ਨੂੰ ਲੀਕ ਕੀਤੀ ਜਾ ਰਹੀ ਹੈ। ਅੱਜ ਏਥੇ ਪ੍ਰੈੱਸ ਕਾਨਫਰੰਸ ਵਿੱਚ ਪਰਮਬੰਸ ਸਿੰਘ ਬੰਟੀ ਰੋਮਾਣਾ ਨੇ ਕਿਹਾ ਕਿ ਸਭ ਨੂੰ ਪਤਾ ਹੈ ਕਿ ਗੈਂਗਸਟਰ ਜੱਗੂ ਭਗਵਾਨਪੁਰੀਆ ਅਤੇ ਮੌਜੂਦਾ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵਿਚਾਲੇ ਸਬੰਧਾਂ ਦੀ ਪੋਲ ਕਿਸਨੇ ਖੋਲ੍ਹੀ ਸੀ।ਉਨ੍ਹਾਂ ਕਿਹਾ ਕਿ ਜੱਗੂ ਭਗਵਾਨਪੁਰੀਆ ਤੇਬਿਕਰਮ ਸਿੰਘ ਮਜੀਠੀਆ ਦੇ ਸੰਬੰਧ ਸਾਬਤ ਕਰਨ ਲਈ ਚੋਣਵੀਂ ਜਾਣਕਾਰੀ ਮੀਡੀਆ ਨੂੰ ਲੀਕ ਕੀਤੀ ਜਾ ਰਹੀ ਹੈ, ਜਦ ਕਿ ਤੱਥਾਂ ਦੀ ਘੋਖ ਤੋਂ ਸਾਹਮਣੇ ਆਇਆ ਕਿ ਇਹ ਰਿਪੋਰਟ ਸਾਬਕਾ ਪੁਲਿਸ ਅਫਸਰ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਬਣਾਈ ਸੀ ਅਤੇ ਹਰ ਕੋਈ ਜਾਣਦਾ ਹੈ ਕਿ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਪਿੱਠ ਉੱਤੇ ਕੌਣ ਸਨ ਅਤੇ ਕਿਸਦੀਆਂ ਹਦਾਇਤਾਂ ਉੱਤੇ ਉਸਨੇ ਇਹ ਰਿਪੋਰਟਾਂ ਬਣਾਈਆਂ ਸਨ।ਪਰਮਬੰਸ ਸਿੰਘ ਰੋਮਾਣਾ ਨੇ ਕਿਹਾ ਕਿ ਜੱਗੂ ਭਗਵਾਨਪੁਰੀਆ ਦੀ ਮਾਂ ਸੁਖਜਿੰਦਰ ਸਿੰਘ ਰੰਧਾਵਾ ਦੇ ਹਲਕੇ ਵਿਚਲੇ ਪਿੰਡ ਦੀ ਬਿਨਾਂ ਮੁਕਾਬਲਾ ਸਰਪੰਚ ਚੁਣੀ ਗਈ ਸੀ, ਇਹ ਵੀ ਸਭ ਜਾਣਦੇ ਹਨ। ਉਨ੍ਹਾਂ ਕਿਹਾ ਕਿ ਜੱਗੂ ਭਗਵਾਨਪੁਰੀਆ ਨੂੰ ਜੇਲ੍ਹ ਵਿੱਚ ਜਨਮ ਦਿਨ ਦੀਆਂ ਪਾਰਟੀਆਂ ਕਰਨ ਦੀ ਆਗਿਆ ਕਿਸ ਦੀਆਂ ਹਦਾਇਤਾਂ ਉੱਤੇਦਿੱਤੀ ਗਈ ਸੀ, ਇਹ ਵੀ ਸਭ ਜਾਣਦੇ ਹਨ।

## ਭਾਜਪਾ ਵਿਚ ਸ਼ਾਮਿਲ ਹੋਣ ਵਾਲੇ ਰਾਣਾ ਸੋਢੀ ਨੂੰ ਮਿਲੀ ਜੈਡ ਪਲੱਸ ਸੁਰੱਖਿਆ

ਨਵੀਂ ਦਿੱਲੀ-ਹਾਲ ਹੀ 'ਚ ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਵਿਧਾਇਕ ਰਾਣਾ ਗੁਰਮੀਤ ਸਿੰਘ ਸੋਢੀ ਨੂੰ ਕੇਂਦਰ ਸਰਕਾਰ ਵੱਲੋਂ 'ਜ਼ੈੱਡ' ਕੈਟਾਗਰੀ ਦੀ ਵੀਆਈਪੀ ਸੁਰੱਖਿਆ ਦੇ ਦਿੱਤੀ ਗਈ ਹੈ। ਵਿਧਾਇਕ ਸੋਢੀ ਚਾਰ ਵਾਰ ਵਿਧਾਇਕ ਰਹਿ ਚੁੱਕੇ ਹਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਜ਼ਦੀਕੀ ਮੰਨੇ ਜਾਂਦੇ ਹਨ, ਜਿਨ੍ਹਾਂ ਕਾਂਗਰਸ ਤੋਂ ਅਸਤੀਫ਼ੇ ਦੇ ਦਿੱਤਾ ਸੀ। ਜ਼ਿਲ੍ਹਾ ਫਿਰੋਜ਼ਪੁਰ ਦੇ ਗੁਰੂ ਹਰਸਹਾਏ ਤੋਂ ਵਿਧਾਇਕ ਰਾਣਾ ਗੁਰਮੀਤ ਸਿੰਘ ਸੋਢੀ ਕੈਪਟਨ ਸਰਕਾਰ ਸਮੇਂ ਖੇਡ ਮੰਤਰੀ ਸਨ, ਜੋ 21 ਦਸੰਬਰ ਨੂੰ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ।

**Injured in an accident?**

**ICBC claim?**

**We can help.**

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries

For a fair settlement for your claim, call Mandeep Randhawa today.

604-449-7500



RM TRIAL LAWYERS

MANDEEP RANDHAWA LAW CORPORATION

PERSONAL INJURY LAWYERS

T 604-449-7500 F 604-449-7501

mrandhawa@rmlawyers.ca www.rmlawyers.ca

205-7134 King George Boulevard, Surrey, BC V3W 5A3

*We Can Help You Sell Your House!*

**Satvir Cheema**
**604-240-9148**



CENTURY 21 Coastal Realty Ltd.

#105-7928 128th St.,
Surrey, BC, V3W 4E8

satvir.cheema@century21.ca

PUNJAB LINK
# ਪੰਜਾਬ ਲਿੰਕ
ਸ਼ਨਿਚਰਵਾਰ, 1 ਜਨਵਰੀ, 2022
ਰਿਅਲ ਅਸਟੇਟ | REAL ESTATE
www.punjablinkpaper.com 604-503-5465

*For All Your Real Estate Needs*

**Amrik Cheema**
*PREC
**604-369-7000**

CENTURY 21 Coastal Realty Ltd.



#105-7928 128th St.,
Surrey, BC, V3W 4E8

info@amrikcheema.com

# ਬੀ.ਸੀ. ਵਿਚ ਘਰਾਂ ਦੀਆਂ ਕੀਮਤਾਂ ਵਧਣ ਕਾਰਨ ਪਹਿਲੀ ਵਾਰ ਘਰ ਖਰੀਦਣ ਦੇ ਚਾਹਵਾਨਾਂ ਦੇ ਰਾਹ ਬੰਦ



ਵੈਨਕੂਵਰ-ਬੀਸੀ ਵਿਚ ਘਰਾਂ ਦੀਆਂ ਕੀਮਤਾਂ ਦਾ ਵਧਣਾ ਲਗਾਤਾਰ ਜਾਰੀ ਹੈ ਜਿਸ ਕਾਰਨ ਫਸਟ ਹੋਮ ਬਾਇਰ ਦਾ ਮਾਰਕੀਟ ਵਿਚ ਆਉਣ ਦਾ ਰਾਹ ਬੰਦ ਹੋ ਰਿਹਾ ਹੈ। ਮਹਾਂਮਾਰੀ ਦੇ ਦੂਸਰੇ ਸਾਲ ਵੀ ਰੀਅਲ ਅਸਟੇਟ ਮਾਰਕੀਟ ਹੌਲੀ ਹੋਣ ਦਾ ਨਾਂਅ ਨਹੀਂ ਲੈ ਰਹੀ। ਅਸਲ ਵਿਚ ਨਵੰਬਰ ਮਹੀਨੇ ਘਰਾਂ ਦੀ ਵਿਕਰੀ ਰਿਕਾਰਡ ਪੱਧਰ 'ਤੇ ਪਹੁੰਚ ਗਈ ਜਦਕਿ ਅਜੇ ਸਾਲ ਖਤਮ ਨਹੀਂ ਹੋਇਆ। ਬੀਸੀ ਰੀਅਲ ਅਸਟੇਟ ਐਸੋਸੀਏਸ਼ਨ ਲਈ ਮੁੱਖ ਅਰਥਸ਼ਾਸਤਰੀ ਬਰੈਂਡਨ ਓਗਮੰਡਸਨ ਨੇ ਕਿਹਾ ਕਿ ਘਰਾਂ ਦੀ ਵਿਕਰੀ 2016 ਵਿਚ 112425 ਦੇ ਪਿਛਲੇ ਸਾਲਾਨਾ ਰਿਕਾਰਡ ਨੂੰ ਪਹਿਲਾਂ ਹੀ ਪਾਰ ਕਰ ਗਈ ਹੈ। ਨਵੰਬਰ ਮਹੀਨੇ ਵਿਕਰੀ ਵਿਚ ਵਾਧੇ ਨਾਲ ਕੀਮਤਾਂ ਵੀ ਵਧੀਆਂ ਹਨ। ਔਸਤ ਘਰ ਦੀ ਕੀਮਤ ਵਧ ਕੇ 993992 ਡਾਲਰ ਹੋ ਗਈ ਹੈ। ਇਹ ਨਵੰਬਰ 2020 ਤੋਂ 22 ਫ਼ੀਸਦੀ ਦਾ ਵਾਧਾ ਹੈ। ਯੂਬੀਸੀ ਦੇ ਪੌਲ ਕੇਰਸ਼ਾ ਜਿਹੜੇ ਜਨਰੇਸ਼ਨ ਸਕੁਈਜ਼ ਦੇ ਫਾਉਂਡਰ ਨੇ ਹਨ ਨੇ ਕਿਹਾ ਕਿ ਮਹਾਂਮਾਰੀ ਨਾਲ ਮੰਦੀ ਆਉਣ ਦਰਮਿਆਨ ਵੀ ਅਸੀਂ ਘਰਾਂ ਦੀਆਂ ਕੀਮਤਾਂ 'ਤੇ ਕੰਟਰੋਲ ਨਹੀਂ ਕਰ ਰਹੇ। ਨਵੰਬਰ ਮਹੀਨੇ ਬੀਸੀ ਵਿਚ ਪ੍ਰੌਪਰਟੀ ਲਿਸਟਿੰਗਸ ਵਿਚ 39 ਫ਼ੀਸਦੀ ਨਾਟਕੀ ਗਿਰਾਵਟ ਨਾਲ ਇਕ ਹੋਰ ਰਿਕਾਰਡ ਬਣਿਆਂ ਹੈ। ਯੂਬੀਸੀ ਸੌਂਡਰ ਸਕੂਲ ਆਫ ਬਿਜਨਸ ਦੇ ਟਸਰ ਸੋਮਰਵਿਲ ਨੇ ਕਿਹਾ ਕਿ ਘਰ ਦੀ ਭਾਲ ਕਰਨ ਵਾਲੇ ਲੋਕਾਂ ਦੀ ਗਿਣਤੀ ਜ਼ਿਆਦਾ ਹੈ ਜਦਕਿ ਮਕਾਨ ਉਨੇ ਉਪਲਬਧ ਨਹੀਂ ਹਨ। ਜੇਕਰ ਤੁਸੀਂ ਸੋਚਦੇ ਹੋ ਬਹੁਤ ਸਾਰੇ ਲੋਕ ਥੋੜੇ ਜਿਹੇ ਯੂਨਿਟਾਂ ਦੇ ਪਿੱਛੇ ਲੱਗੇ ਹੋਏ ਹਨ ਤਾਂ ਅਸਲ ਵਿਚ ਇਸ ਨਾਲ ਘਰਾਂ ਦੀਆਂ ਕੀਮਤਾਂ ਵਧਣਗੀਆਂ।

**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY
LAW CORPORATION



www.hughesco.com CEDRIC HUGHES
**604.602.1828**

*HEAD OFFICE:*
**VANCOUVER**
**505-777 W. BROADWAY**

SUNNY SANGHA • PERSONAL REAL ESTATE CORPORATION

## 14317 31A AVENUE




**$4,488,000**

Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

## 9858 HUCKLEBERRY DRIVE




Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.



Sunny Sangha
604-356-5555

SUNNY SANGHA
Personal Real Estate Corporation

CENTURY 21
Coastal Realty Ltd.

Ram Johal
604-356-5555



www.sunnysangha.com | info@sunnysangha.com

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★

**4.9 STAR**
**Google**
**REVIEW !**

**Link!**
**hughesco.com**
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*

***Remote Location? No Problem. We will come to you !***


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# ਪੰਜਾਬ ਵਿਚ ਓਮੀਕ੍ਰੋਨ ਵੈਰੀਐਂਟ ਵਾਲਾ ਪਹਿਲਾ ਕੇਸ ਨਵਾਂਸ਼ਹਿਰ ਜ਼ਿਲ੍ਹੇ ਵਿਚ ਮਿਲਿਆ

**• ਚਾਰ ਦਸੰਬਰ ਨੂੰ ਸਪੇਨ ਤੋਂ ਆਏ ਵਿਅਕਤੀ ਨੂੰ ਓਮੀਕਰੋਨ ਦੀ ਪੁਸ਼ਟੀ • ਫਰਾਂਸ ਵਿੱਚ ਇੱਕੋ ਦਿਨ 2.08 ਲੱਖ ਕੇਸ ਮਿਲੇ • ਅਮਰੀਕਾ ਵਿੱਚ ਰਿਕਾਰਡ 4.41 ਲੱਖਕੇਸ ਮਿਲਣ ਦੀ ਖਬਰ**

ਚੰਡੀਗੜ੍ਹ-ਪੰਜਾਬ ਦਾ ਓਮੀਕ੍ਰੋਨ ਵੈਰੀਐਂਟ ਦਾਪਹਿਲਾ ਮਰੀਜ਼ ਜਿਲ਼ਲਾ ਨਵਾਂਸ਼ਹਿਰ ਦੇ ਮੁਕੰਦਪੁਰ ਵਿੱਚਮਿਲਿਆ ਹੈ।ਉਹ ਚਾਰ ਦਸੰਬਰ ਨੂੰ ਸਪੇਨ ਤੋਂ ਆਇਆ ਤੇ ਉਦੋਂ ਤੋਂ ਹੋਮ ਕੁਆਰੰਟਾਈਨ ਕੀਤਾ ਗਿਆ ਸੀ, ਪਰ 12 ਦਸੰਬਰ ਨੂੰ ਉਸ ਦੀ ਰਿਪੋਰਟ ਕੋਰੋਨਾ ਪਾਜ਼ੇਟਿਵ ਮਿਲੀ ਤਾਂ ਉਸ ਨੂੰ ਸਿਵਲ ਹਸਪਤਾਲ ਵਿੱਚ ਦਾਖ਼ਲ ਕੀਤਾ ਗਿਆ ਸੀ। ਇਸ ਤੋਂ 17 ਦਿਨਾਂ ਬਾਅਦ 28 ਦਸੰਬਰ ਮੰਗਲਵਾਰ ਨੂੰ ਜੀਨੋਮ ਸੀਕਵੈਂਸਿੰਗ ਨਾਲ ਉਸ ਵਿੱਚ ?ਮੀਕ੍ਰੋਨ ਵੈਰੀਐਂਟ ਦੀ ਪੁਸ਼ਟੀ ਹੋਈ, ਪਰ ਇਸ ਦੌਰਾਨ ਉਹ ਠੀਕ ਹੋ ਚੁੱਕਾ ਤੇ ਉਸ ਨੂੰ ਹਸਪਤਾਲ ਤੋਂ ਛੁੱਟੀ ਮਿਲ ਚੁੱਕੀ ਹੈ। ਉਸ ਦੇ ਸੰਪਰਕ ਵਿੱਚ ਆਏ 13 ਲੋਕਾਂ ਦੀ ਜਾਂਚ ਦੌਰਾਨ ਦੋ ਲੋਕ ਪਾਜ਼ੇਟਿਵ ਆਏ ਸਨ ਤੇ ਉਹ ਵੀ ਠੀਕ ਹੋ ਕੇ ਘਰ ਜਾ ਚੁੱਕੇ ਹਨ, ਪਰ ਇਨ੍ਹਾਂ ਦੀ ਜੀਨੋਮ ਸੀਕਵੈਂਸਿੰਗ ਦੀ ਰਿਪੋਰਟ ਆਉਣੀ ਅਜੇ ਬਾਕੀ ਹੈ। ਵਰਨਣ ਯੋਗ ਹੈ ਕਿ ਮਾਰਚ 2020 ਵਿੱਚ ਪੰਜਾਬ ਵਿੱਚਪਹਿਲਾ ਕੋਰਨਾ ਪਾਜ਼ੇਟਿਵ ਕੇਸ ਵੀ ਨਵਾਂਸ਼ਹਿਰ ਜਿਲ਼ਲੇ ਵਿੱਚਮਿਲਿਆ ਸੀ। ਉਦੋਂ ਬੰਗਾ ਨੇੜੇ ਪਿੰਡ ਪਠਲਾਵਾ ਵਿੱਚ ਇਟਲੀ ਤੋਂ ਆਏ ਸੰਤ ਕਾਰਨ ਕਈ ਲੋਕ ਇਨਫੈਕਟਿਡ ਹੋਏ ਸਨ ਅਤੇ 18 ਮਾਰਚ 2020 ਨੂੰ ਉਸ ਦੀ ਮੌਤ ਹੋ ਗਈ ਸੀ। ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਕਿਹਾ ਕਿ 28 ਦਸੰਬਰ ਨੂੰ ਮਿਲੀ ਰਿਪੋਰਟ ਮੁਤਾਬਕ ਸਪੇਨ ਤੋਂ ਆਏ ਇੱਕ



ਵਿਅਕਤੀ ਵਿੱਚ ?ਮੀਕ੍ਰੋਨ ਵੈਰੀਐਂਟ ਮਿਲਿਆ ਹੈ। ਇਹ ਵਿਅਕਤੀ ਤੇ ਇਸ ਦੇ ਸੰਪਰਕ ਵਿੱਚ ਆਏ ਹੋਰ ਸਾਰੇ ਲੋਕ ਸਿਹਤਯਾਬ ਹੋ ਚੁੱਕੇ ਹਨ। ਇਸ ਦੌਰਾਨ ਵਿਸ਼ਵ ਸਿਹਤ ਸੰਗਠਨ (ਡਬਲਯੂ ਐੱਚ ?) ਨੇ ਕੋਰੋਨਾ ਮਹਾਮਾਰੀ ਬਾਰੇ ਫਿਰ ਚੌਕਸ ਕੀਤਾ ਅਤੇ ਕਿਹਾ ਹੈ ਕਿ ਦੁਨੀਆ ਵਿੱਚ ਪਿਛਲੇ ਹਫ਼ਤੇ ਕੋਰੋਨਾ ਦੇ ਕੇਸਾਂ ਵਿੱਚ ਉਸ ਤੋਂ ਪਹਿਲੇ ਹਫ਼ਤੇ ਦੇ ਮੁਕਾਬਲੇ 11 ਫ਼ੀਸਦੀ ਵਾਧਾ ਹੋਇਆ ਹੈ। ਅਮਰੀਕਾ ਵਿੱਚ ਪਿਛਲੇ 24 ਘੰਟਿਆਂ ਵਿੱਚ ਕਰੀਬ ਸਾਢੇ ਚਾਰ ਲੱਖ ਨਵੇਂ ਕੇਸਮਿਲੇ ਹਨ। ਯੂ ਐੱਨ ? ਦੀ ਸਿਹਤ ਦੀ ਸਿਹਤ ਏਜੰਸੀ ਨੇ ਡਬਲਯੂ ਐੱਚ ? ਨੇ ਆਪਣੀ ਵੀਕਲੀ ਰਿਪੋਰਟ ਵਿੱਚ ਕਿਹਾ ਹੈ ਕਿ 20 ਤੋਂ 26 ਦਸੰਬਰ ਦੌਰਾਨ ਦੁਨੀਆ ਵਿੱਚ ਮਿਲੇ ਕਰੀਬ 50 ਲੱਖ ਨਵੇਂ ਕੇਸਾਂ ਵਿੱਚੋਂ ਅੱਧੇ ਤੋਂ ਵੱਧਕੇਸ ਯੂਰਪਤੋਂ ਮਿਲੇ, ਜਿਨ੍ਹਾਂ ਦੀ ਗਿਣਤੀ 28।4 ਲੱਖ ਸੀ ਡਬਲਯੂ ਐੱਚ ? ਨੇ ਕਿਹਾ ਹੈ ਕਿ ਅਮਰੀਕਾ ਮਹਾਦੀਪੀ ਖੇਤਰ ਵਿੱਚ ਨਵੇਂ ਕੇਸ 39 ਫ਼ੀਸਦੀ ਵਧ ਕੇ ਕਰੀਬ 14।8 ਲੱਖ ਹੋ ਗਏ ਹਨ ਅਤੇ ਅਮਰੀਕਾ ਵਿੱਚ 34 ਫ਼ੀਸਦੀ ਵਾਧੇ ਨਾਲ 11।8 ਲੱਖ ਤੋਂ ਵੱਧਕੇਸ ਮਿਲੇ ਹਨ। ਫਰਾਂਸ ਵਿੱਚ ਕੋਰੋਨਾ ਦੇ ਰਿਕਾਰਡ 2।08 ਲੱਖ ਨਵੇਂ ਕੇਸਮਿਲੇ ਹਨ। ਮਹਾਮਾਰੀ ਦੀ ਸ਼ੁਰੂਆਤ ਤੋਂ ਬਾਅਦ ਫਰਾਂਸ ਵਿੱਚਇੱਕੋ ਦਿਨਏਨੇ ਜ਼ਿਆਦਾ ਕੇਸ ਪਹਿਲਾਂ ਕਦੀ ਨਹੀਂ ਸਨ ਮਿਲੇ।

# ਸਿਖਸ ਫਾਰ ਜਸਟਿਸ ਨਾਲ ਸਬੰਧਾਂ ਕਾਰਣ ਮਾਂ-ਪੁੱਤ ਗ੍ਰਿਫ਼ਤਾਰ

ਪਟਿਆਲਾ-ਜ਼ਿਲ੍ਹਾ ਪੁਲੀਸ ਪਟਿਆਲਾ ਨੇ ਖਾਲਿਸਤਾਨ ਪੱਖੀ ਪ੍ਰਚਾਰ ਕਰਨ ਵਾਲੇ ਮਾਂ-ਪੁੱਤ ਸਣੇ ਤਿੰਨ ਜਣਿਆ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫਤਾਰ ਕੀਤੀ ਗਈ ਮਹਿਲਾ ਦਾ ਜੇਠ ਬੱਬਰ ਖਾਲਸਾ ਦਾ ਏਰੀਆ ਕਮਾਂਡਰ ਰਿਹਾ ਹੈ, ਜੋ ਅਤਿਵਾਦ ਸਮੇਂ ਮਾਰਿਆ ਗਿਆ ਸੀ। ਪਟਿਆਲਾ ਦੇ ਐੱਸਐੱਸਪੀ ਹਰਚਰਨ ਸਿੰਘ ਭੁੱਲਰ ਨੇ ਇਥੇ ਪੁਲੀਸ ਲਾਈਨ ’ਚ ਸੱਦੀ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਮੁਲਜ਼ਮਾਂ ਨੂੰ ਰਾਜਪੁਰਾ ਸਰਕਲ ਦੇ ਡੀਐੱਸਪੀ ਗੁਰਬੰਸ ਸਿੰਘ ਬੈਂਸ ਦੀ ਅਗਵਾਈ ਹੇਠ ਥਾਣਾ ਬਨੂੜ ਦੇ ਐੱਸਐੱਚਓ ਇੰਸਪੈਕਟਰ ਤਜਿੰਦਰ ਸਿੰਘ ਤੇ ਟੀਮ ਨੇ ਨਾਕੇ ਦੌਰਾਨ ਗ੍ਰਿਫਤਾਰ ਕੀਤਾ ਗਿਆ ਹੈ। ਮੁਲਜ਼ਮਾਂ ਵਿਚ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਦਰਗਾਪੁਰ ਦੇ ਮੂਲ ਵਾਸੀ ਜਸਬੀਰ ਕੌਰ ਅਤੇ ਜਗਮੀਤ ਸਿੰਘ (ਹੁਣ ਵਾਸੀ ਬਨੂੜ) ਸਮੇਤ ਰਵਿੰਦਰ ਸਿੰਘ ਵਾਸੀ ਪਿੰਡ ਜੱਸੜਾਂ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਨਾਮ ਸ਼ਾਮਲ ਹਨ। ਉਨ੍ਹਾਂ ਦੇ ਕਬਜ਼ੇ ਵਿਚੋਂ ਖਾਲਿਸਤਾਨ ਪੱਖੀ ਅਤੇ ਭਾਰਤ ਵਿਰੋਧੀ ਸਮੱਗਰੀ ਬਰਾਮਦ ਹੋਈ ਹੈ। ਉਹ ਸਿੱਖਸ ਫਾਰ ਜਸਟਿਸ ਲਈ ਕੰਮ ਕਰਦੇ ਸਨ। ਇਸੇ ਦੌਰਾਨ ਪੰਥਕ ਜਥੇਬੰਦੀਆਂ ਨੇ ਇਸ ਗ੍ਰਿਫਤਾਰੀ ਦਾ ਵਿਰੋਧ ਕਰਦਿਆਂ ਨਿੰਦਾ ਕੀਤੀ ਹੈ। ਕਿਹਾ ਗਿਆ ਹੈ ਕਿ ਫੜੇ ਗਏ ਲੋਕਾਂ ਨੇ ਕਿਸਾਨ ਅੰਦੋਲਨ ਦੌਰਾਨ ਭਾਗ ਲਿਆ ਤੇ ਫਿਰ ਚੰਡੀਗੜ ਨਿਗਮ ਚੋਣਾਂ ਵਿਚ ਭਾਜਪਾ ਖਿਲਾਫ ਕੰਮ ਕੀਤਾ ਜਿਸ ਕਾਰਣ ਭਾਜਪਾ ਨੇ ਬਦਲਾ ਲਊ ਕਾਰਵਾਈ ਦੌਰਾਨ ਉਹਨਾਂ ਉਪਰ ਝੂਠੇ ਕੇਸ ਪਾਏ ਹਨ।

*We are able to do the following by phone, email, and walk-in:*

- Renewals
- Some Changes to Autoplan
- Parking Or Storage Insurance, Permits

**The following is insurance to be done as walk -in to the office:**

- New Plates and New Policies
- Changes to Autoplan
- Cancellations, Permits
- We also sell Home, Business, and Travel Insurance

***We practice social distancing***

*Visit us at one of our two locations during the following hours for walk-ins service:*

**Nationwide Insurance Agency Ltd.**
Mon-Friday 9:00 am to 8:00 pm, Sat – 9:00 to 5:00 pm
Sun 10:00 to 6:00 pm, Open on Stat holidays

**Alpine Insurance Agencies Ltd.**
Mon-Friday 9:00 am to 6:00 pm, Sat – 9:00 to 4:00 pm
#109 – 4061 200 St., Langley, BC



**Rad**
NATIONWIDE INSURANCE AGENCY 2010 LTD.
**T: 604.562.1234**
**#104-9093-King George Blvd, Surrey BC**
**info@nationwideltd.ca**
**www.nationwideltd.ca**



# ਤਰਕਸ਼ੀਲ ਸੁਸਾਇਟੀ ਵੈਨਕੂਵਰ ਨੇ ਕਿਸਾਨੀ ਸੰਘਰਸ਼ ਦੀ ਜਿੱਤ ਦੇ ਜਸ਼ਨ ਮਨਾਏ

ਸਰੀ, (ਹਰਦਮ ਮਾਨ)-ਤਰਕਸ਼ੀਲ (ਰੈਸ਼ਨੇਲਿਸਟ) ਸੁਸਾਇਟੀ ਦੀ ਵੈਨਕੂਵਰ ਟੀਮ ਵੱਲੋਂ ਕਿਸਾਨ ਸੰਘਰਸ਼ ਦੀ ਜਿੱਤ ਦੇ ਜਸ਼ਨ ਮਨਾਏ ਗਏ। ਇਸ ਸੰਬੰਧ ਵਿਚ ਹੋਈ ਮੀਟਿੰਗ ਦੀ ਸ਼ੁਰੂਆਤ ਕਰਦਿਆਂ ਸੁਸਾਇਟੀ ਦੇ ਪ੍ਰਧਾਨ ਅਵਤਾਰ ਬਾਈ ਨੇ ਕਿਸਾਨੀ ਸੰਘਰਸ਼ ਦੀ ਸ਼ੁਰੂਆਤ,ਇਸ ਦੇ ਸਮੁੱਚੇ ਸਫ਼ਰ,ਆਉਣ ਵਾਲੀਆਂ ਮੁਸ਼ਕਿਲਾਂ ਅਤੇ ਜਿੱਤ ਦੇ ਜਸ਼ਨਾਂ ਨੂੰ ਵਿਸਥਾਰ ਵਿੱਚ ਦੱਸਿਆ। ਇਸ ਅੰਦੋਲਨ ਵਿੱਚ ਹੋਣ ਵਾਲੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਗਿਆ। ਇਸ ਅੰਦੋਲਨ ਵਿਚ ਆਪਣੇ ਵਿੱਤ ਮੁਤਾਬਿਕ ਤਨੋਂ,ਮਨੋਂ ਤੇ ਧਨੋਂ ਹਿੱਸਾ ਪਾਉਣ ਵਾਲਿਆਂ ਦਾ ਧੰਨਵਾਦ ਕੀਤਾ ਗਿਆ। ਸੁਸਾਇਟੀ ਨੇ ਲੀਡਰਸ਼ਿੱਪ ਵੱਲੋਂ ਸੰਘਰਸ਼ ਨੂੰ ਸ਼ਾਨਾਂਮੱਤਾ ਮੋੜ ਦੇਣ ਦੀ ਸਰਾਹਨਾ ਕੀਤੀ ਅਤੇ "ਸੰਘਰਸ਼ ਅਜੇ ਖ਼ਤਮ ਨਹੀਂ ਹੋਇਆ ਚਲਦਾ ਰਹੇਗਾ" ਨੂੰ ਵੀ ਕਬੂਲ ਕਰਦਿਆਂ ਬਾਹਰੋਂ ਹਮਾਇਤ ਕਰਨ ਦੀ ਹਾਮੀ ਭਰੀ। ਕਿਸਾਨੀ ਅੰਦੋਲਨ ਵਿੱਚ ਖੱਬੇ ਪੱਖੀ ਲੋਕਾਂ ਵੱਲੋਂ ਕਾਰਪੋਰੇਸ਼ਨਾਂ ਦੀ ਅਸਲੀਅਤ ਨੂੰ ਨੰਗਾ ਕਰਕੇ ਲੋਕਾਂ ਸਾਹਮਣੇ ਲਿਆਉਣ ਵਿੱਚ ਵਡਮੁੱਲਾ ਰੋਲ ਅਦਾ ਕਰਨ ਦੀ ਵੀ ਸ਼ਲਾਘਾ ਕੀਤੀ ਗਈ। ਮੀਟਿੰਗ ਦੌਰਾਨ ਨਿਰਮਲ ਕਿੰਗਰਾ ਤੇ ਪਰਮਿੰਦਰ ਸਵੈਚ ਨੇ ਕਿਸਾਨੀ ਸੰਘਰਸ਼ ਦੇ ਸਬੰਧ ਵਿੱਚ ਨਵੀਆਂ ਕਵਿਤਾਵਾਂ ਵੀ ਸਾਂਝੀਆਂ ਕੀਤੀਆਂ ਅਤੇ ਸਾਧੂ ਸਿੰਘ,ਸਰਬਜੀਤ ਓਖਲਾ, ਹਰਪਾਲ ਗਰੇਵਾਲ, ਰਵਾਇਤ ਸਿੰਘ, ਨਿਰਮਲ ਕਿੰਗਰਾ, ਮਲਕੀਤ ਸਿੰਘ, ਸਵਰਨ ਚਾਹਲ,ਜਗਰੂਪ ਧਾਲੀਵਾਲ,ਗੁਰਮੇਲ ਗਿੱਲ, ਆਰਤੀ, ਜਸਵੀਰ ਮੰਗੂਵਾਲ, ਕੁਲਵੀਰ ਤੇ ਦੀਪ ਸਿੰਘ ਨੇ ਆਪਣੇ ਵਿਚਾਰ ਰੱਖੇ। ਸੁਸਾਇਟੀ ਵਿੱਚ ਚੇਤਨਾ ਲਿਆਉਣ ਅਤੇ ਸਰਗਰਮੀਆਂ ਵਧਾਉਣ ਲਈ ਨਵੇਂ ਸਾਲ ਦੇ ਉਲੀਕੇ ਪ੍ਰੋਗਰਾਮ ਉਲੀਕੇ ਗਏ ਜਿਨ੍ਹਾਂ ਵਿਚ ਹਰ ਮਹੀਨੇ ਦੇ ਤੀਸਰੇ ਐਤਵਾਰ ਦੀ ਮੀਟਿੰਗ ਵਿਚ ਸਮਾਜਿਕ ਚੇਤਨਾ, ਬ੍ਰਹਿਮੰਡ ਸ੍ਰਿਸ਼ਟੀ ਦੀ ਉਤਪਤੀ,ਵਿਗਿਆਨਕ ਸਿਧਾਂਤ, ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ, ਔਰਤ ਦਿਵਸ, ਵਾਤਾਵਰਣ ਤਬਦੀਲੀਆਂ ਅਤੇ ਜੀਵ ਵਿਕਾਸ,ਕਿਰਤ ਦੀ ਮਹੱਤਤਾ ਤੇ ਕਿਰਤ ਦਿਵਸ, ਪਰਿਵਾਰ ਦਿਵਸ ਲਈ ਰਲ ਕੇ ਪਿਕਨਿਕ ਮਨਾਉਣਾ, ਕੈਨੇਡਾ ਦਾ ਇਤਿਹਾਸ ਤੇ ਹਾਲਾਤ,ਭੂਗੋਲਕ ਜਾਣਕਾਰੀ, ਮਨੁੱਖੀ ਸਮਾਜ ਦਾ ਭੂਤਕਾਲ,ਵਰਤਮਾਨ ਤੇ ਭਵਿੱਖ,ਕਲਾ ਦੇ ਵੱਖਰੇ ਰੂਪਾਂ ਬਾਰੇ ਗਿਆਨ-ਮੁਕਾਬਲੇ,ਭੌਤਿਕਵਾਦੀ (ਪਦਾਰਥਵਾਦੀ) ਦਰਸ਼ਨ, ਕਰਤਾਰ ਸਰਾਭਾ ਤੇ ਗ਼ਦਰ ਲਹਿਰ,ਤਿਉਹਾਰਾਂ ਦੀ ਮਹੱਤਤਾ, ਸ਼ਮੂਲੀਅਤ, ਮੰਡੀ ਤੇ ਇਹਨਾਂ ਨੂੰ ਮਨਾਏ ਜਾਣ ਬਾਰੇ ਚੇਤਨਾ ਪੱਖ ਆਦਿ ਵਿਸ਼ਿਆਂ ਉਪਰ ਸੈਮੀਨਾਰ ਕਰਵਾਏ ਜਾਣਗੇ। ਜਸਵਿੰਦਰ ਹੇਅਰ ਦੇ ਘਰ ਦੋਹਤੀ ਦੇ ਆਉਣ ਦੀ ਖੁਸ਼ੀ ਪ੍ਰਗਟ ਕੀਤੀ ਗਈ ਤੇ ਪਰਿਵਾਰ ਨੂੰ ਮੁਬਾਰਕਾਂ ਦਿੱਤੀਆਂ ਗਈਆਂ। ਕਾਮਰੇਡ ਕ੍ਰਿਪਾਲ ਬੈਂਸ ਦੇ ਪਿਤਾ ਦੇ ਵਿਛੋੜੇ ਉਪਰ ਦੁੱਖ ਪ੍ਰਗਟ ਕੀਤਾ ਗਿਆ। ਸੁਸਾਇਟੀ ਵੱਲੋਂ ਪੰਜਾਬ ਦੇ ਤਾਜ਼ਾ ਹਾਲਾਤ ਉਪਰ ਫਿਕਰ ਕਰਦਿਆਂ ਬੇਅਦਬੀ ਦੇ ਮੁੱਦਿਆਂ ਦੀ ਅਤੇ ਸ਼ਰਾਰਤੀ ਅਨਸਰਾਂ ਦੇ ਕਤਲਾਂ ਅਤੇ ਮੌਬ ਲਿੰਚਿੰਗ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ।









# ਸਰੀ 'ਚ ਸਕੌਟ ਰੋਡ ਤੋਂ ਨਿਊਟਨ ਐਕਸਚੇਂਜ ਤੱਕ ਰੈਪਿਡ ਬੱਸ ਸਰਵਿਸ ਚੱਲੇਗੀ

ਸਰੀ (ਹਰਦਮ ਮਾਨ)-ਸੇਫ ਸਰੀ ਕੋਆਲੀਸ਼ਨ ਵੱਲੋਂ ਸਕੌਟ ਰੋਡ ਤੋਂ ਨਿਊਟਨ ਐਕਸਚੇਂਜ ਤੱਕ ਰੈਪਿਡ ਬੱਸ ਸਰਵਿਸ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ ਜਿਸ ਤਹਿਤ 6 ਰੈਪਿਡ ਬੱਸਾਂ ਵੱਧ ਸਮਰੱਥਾ ਅਤੇ ਘੱਟ ਸਮੇਂ ਵਿਚ ਇਹ ਸਫਰ ਤਹਿ ਕਰਨਗੀਆਂ। ਇਸ ਨਾਲ 22× ਸਮੇਂ ਦੀ ਬੱਚਤ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਸਰੀ ਸਿਟੀ ਕਾਉਂਸਲਰ ਮਨਦੀਪ ਨਾਗਰਾ ਨੇ ਕਿਹਾ ਕਿ ਇਸ ਰੈਪਿਡਬੱਸ ਸੇਵਾ ਸਰੀ ਦੇ ਵਸਨੀਕਾਂ ਦੀ ਲੋੜ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤੀ ਗਈ ਹੈ। ਇਸ ਨਾਲ ਸਕਾਟ ਰੋਡ ਸਟੇਸ਼ਨ ਤੋਂ ਨਿਊਟਨ ਐਕਸਚੇਂਜ ਤੱਕ ਵੱਧ ਸਮਰੱਥਾ ਵਾਲੀਆਂ ਬੱਸਾਂ ਚੱਲਣਗੀਆਂ ਅਤੇ ਪਹਿਲਾਂ ਨਾਲੋਂ ਘੱਟ ਸਮੇਂ ਵਿਚ ਲੋਕ ਇਹ ਸਫਰ ਤਹਿ ਕਰ ਸਕਣਗੇ। ਟ੍ਰਾਂਸਲਿੰਕ ਅਨੁਸਾਰ ਇਸ ਰੂਟ 'ਤੇ ਪਹਿਲਾਂ ਚੱਲ ਰਹੀ 319 ਬੱਸ ਸੇਵਾ ਨੂੰ ਬਦਲ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਇਸ ਰੂਟ 'ਤੇ ਸਾਲ 2019 ਵਿਚ 7.15 ਮਿਲੀਅਨ ਯਾਤਰੀਆਂ ਨੇ ਸਫਰ ਕੀਤਾ ਸੀ।

# ਸ਼੍ਰੋਮਣੀ ਕਮੇਟੀ ਵੱਲੋਂ ਪਿੰਡ ਚੌਂਦਾ ਵਿਚ ਐਸ ਸੀ ਗੁਰਦੁਆਰਾ ਲਿਖੇ ਜਾਣ ਦਾ ਗੰਭੀਰ ਨੋਟਿਸ



ਅੰਮ੍ਰਿਤਸਰ-ਹਲਕਾ ਅਮਰਗੜ੍ਹ ਦੇ ਪਿੰਡ ਚੌਂਦਾ ਵਿੱਚ ਗੁਰਦੁਆਰਾ ਸਾਹਿਬ ਨੂੰ ਜਾਤੀ ਰੰਗਤ ਦੇਣ ਦੀ ਸ਼੍ਰੋਮਣੀ ਕਮੇਟੀ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਮੀਡੀਆ ਕੁਲਵਿੰਦਰ ਸਿੰਘ ਰਮਦਾਸ ਨੇ ਕਿਹਾ ਕਿ ਸਿੱਖ ਗੁਰੂ ਸਾਹਿਬਾਨ ਨੇ ਸਮਾਜ ਵਿੱਚੋਂ ਜਾਤ-ਪਾਤ ਦੇ ਕੋਹੜ ਨੂੰ ਖ਼ਤਮ ਕਰ ਕੇ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ ਪਰ ਹਲਕਾ ਅਮਰਗੜ੍ਹ ਦੇ ਪਿੰਡ ਚੌਂਦਾ ਦੇ ਗੁਰਦੁਆਰਾ ਸਾਹਿਬ ਨੂੰ ਐਸ ਸੀ ਗੁਰਦੁਆਰਾ ਲਿਖ ਕੇ ਸਿੱਖ ਭਾਵਨਾਵਾਂ ਨੂੰ ਠੇਸ ਪੁਚਾਈ ਗਈ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਲਈ ਜਿਥੇ ਪੰਚਾਇਤ ਵਿਭਾਗ ਦੇ ਅਧਿਕਾਰੀ ਜ਼ਿੰਮੇਵਾਰ ਹਨ, ਉਥੇ ਹੀ ਉਦਘਾਟਨ ਵਾਲਾ ਵਿਧਾਇਕ ਵੀ ਬਰਾਬਰ ਦਾ ਦੋਸ਼ੀ ਹੈ, ਜਿਨ੍ਹਾਂ ਨੇ ਸਮਾਜ ਵਿੱਚ ਵੰਡੀਆਂ ਪਾਉਣ ਦਾ ਕੰਮ ਕੀਤਾ ਹੈ। ਉਨ੍ਹਾਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਅਜਿਹੇ ਲੋਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।










ਹਰ ਤਰ੍ਹਾਂ ਦਾ ਪੀਜ਼ਾ ਅਤੇ ਮਠਿਆਈਆਂ ਲਈ ਹਮੇਸ਼ਾ ਯਾਦ ਰੱਖੋ ਕਵਾਂਟਲਿਨ ਪੀਜ਼ਾ ਐਂਡ ਸਵੀਟਸ
ਸਾਡੇ ਵੱਲੋਂ ਆਪ ਸਭ ਨੂੰ ਨਵੇਂ ਸਾਲ ਦੀਆਂ
ਲੱਖ-ਲੱਖ ਵਧਾਈਆਂ !
KWANTLEN
PIZZA & SWEETS
Serving Great Pizza
Top Selling Pizzas
CHEESE PIZZA
TANDOORI CHICKEN
PESTO VEGGIE
HAWAIIAN PIZZA
BUTTER CHICKEN
SUPER VEGGIE
HOT BOMBAY PIZZA
MEAT
VEGGIE
CHICKEN
PASTA
WINGS
DESSERT
LASAGNA
BEVERAGES
#108 - 15122 72 Ave., Surrey
604-597-1211
152 St.
72 Ave.
Kwantlen Pizza
#108 - 15122 72 Ave., Surrey BC
Chevron
www.kwantlenpizza.ca
Open For Lunch
We Deliver
(Charges apply)
7 Days a Week
10am to 12pm

# ਚੰਡੀਗੜ੍ਹ ਨਿਗਮ ਚੋਣਾਂ ਵਿਚ ਆਪ ਸਭ ਤੋ ਵੱਡੀ ਪਾਰਟੀ ਬਣੀ-ਕੌਂਸਲਰ ਖ਼੍ਰੀਦਣ ਲਈ ਭਾਜਪਾ ਤੇ ਦੋਸ਼ ਲਗਾਏ

ਚੰਡੀਗੜ੍ਹ-ਚੰਡੀਗੜ੍ਹ ਨਗਰ ਨਿਗਮ ਦੀਆਂ ਚੋਣਾਂ ਦੌਰਾਨ ਕੁਲ 35 ਸੀਟਾਂ ਚੋ ਭਾਜਪਾ ਦੀਆਂ 12 ਅਤੇ ਕਾਂਗਰਸ ਦੀਆਂ 8 ਸੀਟਾਂ ਨੂੰ ਪਛਾੜਦਿਆਂ ਆਮ ਆਦਮੀ ਪਾਰਟੀ 14 ਸੀਟਾਂ ਲੈ ਕੇ ਮੋਹਰੀ ਰਹੀ ਹੈ ਪਰ ਮੇਅਰ ਬਣਾਉਣ ਲਈ ਕਿਸੇ ਕੋਲ ਬਹੁਮਤ ਨਾ ਹੋਣ ਕਾਰਨ ਪੇਚਾ ਫਸ ਗਿਆ ਹੈ, ਜਿਸ ਲਈ ਸਾਰੀਆਂ ਸਿਆਸੀ ਪਾਰਟੀਆਂ ਜੋੜ-ਤੋੜ ਕਰ ਰਹੀਆਂ ਹਨ। ਇਸ ਦੌਰਾਨ ਆਮ ਆਦਮੀ ਪਾਰਟੀ (ਆਪ) ਪੰਜਾਬ ਮਾਮਲਿਆਂ ਦੇ ਸਹਿ-ਇੰਚਾਰਜ ਰਾਘਵ ਚੱਢਾ ਨੇ ਭਾਜਪਾ 'ਤੇ 'ਆਪ' ਦੇ ਤਿੰਨ ਕੌਂਸਲਰ ਖ਼ਰੀਦਣ ਦੇ ਦੋਸ਼ ਲਾਏ ਹਨ। 'ਆਪ' ਨੇ ਭਾਜਪਾ ਦੀ ਅਜਿਹੀ ਰਾਜਨੀਤੀ ਨੂੰ ਜਨਤਕ ਕਰਨ ਦੇ ਮੰਤਵ ਨਾਲ ਆਪਣੇ ਕੌਂਸਲਰਾਂ ਦੇ ਘਰਾਂ ਦੇ ਬਾਹਰ ਸੀਸੀਟੀਵੀ ਕੈਮਰੇ ਲਾ ਦਿੱਤੇ ਹਨ। ਇਸ ਤੋਂ ਇਲਾਵਾ ਮੋਬਾਈਲ ਰਿਕਾਰਡਿੰਗ ਮੋਡ 'ਤੇ ਲਾਉਣ ਦੀ ਹਦਾਇਤ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਭਾਜਪਾ ਮੁੜ ਅਜਿਹੀ ਕੋਸ਼ਿਸ਼ ਕਰਦੀ ਹੈ ਤਾਂ ਮੋਬਾਈਲ ਅਤੇ ਸੀਸੀਟੀਵੀ ਕੈਮਰਿਆਂ ਦੀ ਰਿਕਾਰਡਿੰਗ ਜਨਤਕ ਕੀਤੀ ਜਾਵੇਗੀ। ਸ੍ਰੀ ਚੱਢਾ ਨੇ ਦੋਸ਼ ਲਾਇਆ ਕਿ ਨਿਗਮ ਚੋਣਾਂ ਦੇ ਨਤੀਜੇ ਆਉਣ ਤੋਂ ਬਾਅਦ ਭਾਜਪਾ ਦੇ ਸੀਨੀਅਰ ਲੀਡਰਾਂ ਨੇ 'ਆਪ' ਦੇ ਤਿੰਨ ਕੌਂਸਲਰਾਂ ਨਾਲ ਸੰਪਰਕ ਕਰ ਕੇ ਪੈਸੇ ਦਾ ਲਾਲਚ ਦਿੱਤਾ ਜਿਸ ਵਿੱਚੋਂ ਦੋ ਕੌਂਸਲਰਾਂ ਨੂੰ 50-50 ਲੱਖ ਰੁਪਏ ਅਤੇ ਇੱਕ ਕੌਂਸਲਰ ਨੂੰ 75 ਲੱਖ ਰੁਪਏ ਦੇਣ ਦੀ ਪੇਸ਼ਕਸ਼ ਕੀਤੀ ਗਈ। ਉਨ੍ਹਾਂ ਕਿਹਾ ਕਿ 'ਆਪ' ਦੇ ਕੌਂਸਲਰ ਉਸ ਮਿੱਟੀ ਦੇ ਨਹੀਂ ਬਣੇ ਜੋ ਅਜਿਹੇ ਲਾਲਚ ਜਾਂ ਕਿਸੇ ਹੋਰ ਹਥਕੰਡੇ ਵਿੱਚ ਆ ਜਾਣਗੇ। ਚੰਡੀਗੜ੍ਹ ਨਗਰ ਨਿਗਮ ਵਿੱਚ ਹੁਣ ਤੱਕ ਕਾਂਗਰਸ ਨੇ 12 ਅਤੇ ਭਾਜਪਾ ਨੇ 13 ਸਾਲ ਹਕੂਮਤ ਕੀਤੀ ਹੈ। ਇਸ ਦੌਰਾਨ ਦੋਵੇਂ ਪਾਰਟੀਆਂ ਵੱਲੋਂ ਕੀਤੀ ਗਈ ਕਥਿਤ ਭ੍ਰਿਸ਼ਟਾਚਾਰ ਦੀ ਰਾਜਨੀਤੀ ਤੋਂ ਬਾਅਦ ਹੁਣ ਚੰਡੀਗੜ੍ਹ ਵਾਸੀਆਂ ਨੇ ਇੱਕ ਬਦਲ ਦੇ ਰੂਪ ਵਿੱਚ 'ਆਪ' ਨੂੰ ਸਮਰਥਨ ਦਿੱਤਾ ਹੈ।


Pardesi
SWEETS & RESTAURANT
Dine In - Take Out

ਦੇਸ਼-ਵਿਦੇਸ਼ 'ਚ ਬੈਠੇ ਸਮੂਹ ਪੰਜਾਬੀਆਂ ਨੂੰ ਸਾਡੇ ਵੱਲੋਂ ਨਵੇਂ ਸਾਲ ਦੀਆਂ
ਲੱਖ-ਲੱਖ ਵਧਾਈਆਂ !

ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ




Veg & Non Veg Dishes
Chicken Pakora
Fish Pakora
Veg Pakora
Samosa, Sweets



604-591-1950 | #107 - 13588 - 88 Ave., Surrey



ਗੁਰਦੁਆਰਾ ਸਾਹਿਬ ਬਰੁੱਕਸਾਈਡ

ਗੁਰਦੁਆਰਾ ਸਾਹਿਬ ਬਰੁੱਕਸਾਈਡ ਅਤੇ ਇਸ ਦੀ ਸਰਪ੍ਰਸਤ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਆਪ ਸਭ ਨੂੰ

ਨਵੇਂ ਸਾਲ 2022 ਦੀ ਲੱਖ ਲੱਖ ਵਧਾਈ !




ਨਿਮਰਤਾ ਸਹਿਤ ਬੇਨਤੀ ਹੈ ਕਿ ਨਵੇਂ ਸਾਲ ਦੀ ਆਮਦ 'ਤੇ 31 ਦਸੰਬਰ ਸ਼ੁੱਕਰਵਾਰ ਨੂੰ ਸ਼ਾਮ ਦੇ 5:30 ਤੋਂ ਲੈ ਕੇ ਨਵੇਂ ਸਾਲ ਦੇ ਆਗਮਨ ਤੀਕ 12:15 ਵਜੇ ਤੀਕ ਵਿਸ਼ੇਸ਼ ਦੀਵਾਨ ਸੱਜਣਗੇ।

GURDWARA SAHIB BROOKSIDE

2022 ਦੇ ਨਵੇਂ ਸਾਲ ਤੇ 1 ਜਨਵਰੀ ਸਨਿਚਰਵਾਰ ਨੂੰ ਸਵੇਰੇ 8:00 ਵਜੇ ਤੋਂ ਸ਼ਾਮ ਦੇ 7:30 ਵਜੇ ਤੱਕ ਵਿਸ਼ੇਸ਼ ਦੀਵਾਨ ਸੱਜਣਗੇ। ਬੇਨਤੀ ਹੈ ਕਿ ਹੁੰਮਹੁਮਾ ਕੇ ਪਹੁੰਚੋ ਅਤੇ ਗੁਰੂ ਮਹਾਰਾਜ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

GURDWARA SAHIB BROOKSIDE
8365-140th Street, Surrey, Tel. : 604-502-0602, Fax : 778-565-1223 www.ramgarhiabc.com



# 'ਨਵਾਂ ਸਾਲ ਬਹੁਤ ਬਹੁਤ ਮੁਬਾਰਕ ਦੋਸਤੋ...'



**ਡਾ: ਪ੍ਰਿਤ ਪਾਲ ਕੌਰ ਚਾਹਲ**
ਪੀਏਯੂ ਲੁਧਿਆਣਾ/ ਵਿੰਨੀਪੈਗ

"ਆਉਣ ਵਾਲੇ ਦੀ ਖੁਸ਼ੀ ਮਨਾਈਏ,
ਬੀਤੇ ਦਾ ਕਰੀਏ ਗ਼ਮ ਨਹੀਂ।
ਸੰਗ ਦੋਸਤਾਂ ਨਵਾਂ ਸਾਲ ਮਨਾਈਏ,
ਸ਼ਾਲਾ!! ਇਹ ਖੁਸ਼ੀ ਵੀ ਕਮ ਨਹੀਂ।"

ਵਰਤਮਾਨ ਵਿੱਚ ਜੀਣਾ ਸਿੱਖੋ
ਦਿਨ ਸਤਰੰਗ 'ਚ ਢਲ ਜਾਵੇਗਾ।
ਬੀਤ ਰਿਹਾ ਇਹ ਪਲ, ਦੂਜੇ ਪਲ ਹੀ
ਭੂਤ ਕਾਲ 'ਚ ਬਦਲ ਜਾਵੇਗਾ।

ਸਮੇਂ ਨੂੰ ਕੋਈ ਫੜ ਨਾ ਸਕੇ,
ਦਿਨ ਰਾਤ ਵਿੱਚ ਢਲ ਜਾਵੇਗਾ
ਹੁਣ ਦੀ ਘੜੀ ਜੇ ਚੰਗੀ ਗੁਜ਼ਰੇ,
ਭਵਿੱਖ ਕਾਲ ਸੁਧਰ ਜਾਵੇਗਾ।

ਰਾਤ ਅੱਜ ਦੀ 2021 ਲਵੇ ਵਿਦਾਈ,
ਸਾਲ 2022 ਦੇ ਲੱਗ ਗਲੇ।
ਬੀਤੇ ਦਾ ਗ਼ਮ, ਨਵੇਂ ਦੀਆਂ ਖੁਸ਼ੀਆਂ,
ਰਲ ਕੇ ਉਸ ਪਲ ਸੰਗ ਚਲੇ।

"ਨਵਾਂ ਸਾਲ ਬਹੁਤ ਬਹੁਤ ਮੁਬਾਰਕ ਦੋਸਤੋ!!!"




# ਸਾਬਕਾ ਅਕਾਲੀ ਆਗੂ ਜਗਦੀਪ ਸਿੰਘ ਨਕਈ ਸਣੇ ਕਈ ਆਗੂ ਭਾਜਪਾ ਵਿਚ ਸ਼ਾਮਿਲ

ਨਵੀਂ ਦਿੱਲੀ-ਅਕਾਲੀ ਆਗੂਤੇ ਸਾਬਕਾ ਵਿਧਾਇਕ ਜਗਦੀਪ ਸਿੰਘ ਨਕਈ, ਰਵੀਪ੍ਰੀਤ ਸਿੰਘ ਸਿੱਧੂ, ਹਰਭਾਗ ਸਿੰਘ ਦੇਸੂਮਾਜਰਾ ਅਤੇ ਸਾਬਕਾ ਕਾਂਗਰਸੀ ਵਿਧਾਇੱਕ ਸ਼ਮਸ਼ੇਰ ਸਿੰਘ ਰਾਏ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਇਨ੍ਹਾਂ ਨੇ ਨਵੀਂ ਦਿੱਲੀ ਵਿੱਚ ਭਾਜਪਾ ਦਫਤਰ ਵਿੱਚਇਹ ਐਲਾਨ ਕੀਤਾ ਹੈ। ਇਸ ਮੌਕੇ ਪੰਜਾਬ ਭਾਜਪਾ ਦੇ ਇੰਚਾਰਜ ਤੇ ਕੇਂਦਰੀ ਮੰਤਰੀ ਗਜੇਂਦਰ ਸਿੰਘ ਸੇਖਾਵਤ ਨੇ ਕਿਹਾ ਕਿ ਸਭ ਨੂੰ ਪਤਾ ਲੱਗ ਗਿਆ ਹੈ ਕਿ ਪੰਜਾਬ ਵਿੱਚ ਹਵਾ ਕਿੱਧਰ ਚੱਲ ਰਹੀ ਹੈ। ਪੰਜਾਬ ਤੋਂ ਅਕਾਲੀ ਆਗੂਜਗਦੀਪ ਸਿੰਘ ਨਕਈ ਦੇ ਨਾਲ ਰਵੀਪ੍ਰੀਤ ਸਿੰਘ ਸਿੱਧੂ, ਸ਼ਮਸ਼ੇਰ ਸਿੰਘ ਰਾਏ, ਹਰਪਾਲ ਸਿੰਘ ਦੇਸੂਮਾਜਰਾ ਅੱਜ ਭਾਜਪਾ ਵਿੱਚਆ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਪਹਿਲਾਂ ਖੁਸ਼ਹਾਲੀ ਵਾਲਾ ਸੀ, ਫਿਰ ਮਾਫੀਆ ਦਾ ਰਾਜ ਬਣ ਗਿਆ ਹੈ ਤਾਂ ਇਸ ਨੂੰ ਮੁੜ ਮਜ਼ਬੂਤ ਕਰਨ ਲਈ ਅਸੀਂ ਇਸ ਰਾਜ ਵਿੱਚਭਾਜਪਾ ਸਰਕਾਰ ਬਣਾਉਣ ਦੀ ਕੋਸਿਲਸ਼ ਕਰ ਰਹੇ ਹਾਂ ਅਤੇ ਭਾਜਪਾ ਦੀ ਨੀਤੀ ਤੇ ਨਰਿੰਦਰ ਮੋਦੀ ਦੀ ਕਾਰਜਸ਼ੈਲੀ ਕਾਰਨ ਲੋਕ ਲਗਾਤਾਰ ਭਾਜਪਾ ਨਾਲ ਜੁੜ ਰਹੇ ਹਨ। ਦੂਸਰੇ ਪਾਸੇ ਚੰਡੀਗੜ੍ਹ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕਿਹਾ ਹੈ ਕਿ ਜਾਂਚ ਏਜੰਸੀਆਂਪੰਜਾਬ ਦੇ ਆਗੂਆਂ ਉੱਤੇ ਦਬਾਅ ਬਣਾ ਰਹੀਆਂ ਹਨ ਤੇ ਇਸ ਨਾਲ ਦਲਬਦਲੀਆਂ ਹੁੰਦੀਆਂ ਹਨ। ਕਾਂਗਰਸ ਦੇ ਵਿਧਾਇਕ ਫਤਿਹਜੰਗ ਸਿੰਘ ਬਾਜਵਾ ਦੇ ਭਾਜਪਾ ਵਿੱਚਜਾਣ ਬਾਰੇ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਉਨ੍ਹਾਂ ਨੂੰ ਕਾਂਗਰਸਦੀ ਟਿਕਟ ਨਹੀਂ ਸੀ ਮਿਲ ਰਹੀ, ਇਸ ਲਈ ਭਾਜਪਾ ਵਿੱਚਗਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਕੁਝ ਆਗੂ ਈਡੀ (ਇਨਫੋਰਸਮੈਂਟ ਡਾਇਰੈਕਟੋਰੇਟ) ਅਤੇ ਹੋਰ ਏਜੰਸੀਆਂ ਦੇ ਦਬਾਅ ਹੇਠ ਪਾਰਟੀ ਛੱਡ ਰਹੇ ਹਨ।

# ਆਂਧਰਾ ਪ੍ਰਦੇਸ ਵਿਚ ਭਾਜਪਾ ਵੱਲੋਂ 50 ਰੁਪਏ ਸ਼ਰਾਬ ਦੀ ਬੋਤਲ ਦੇਣ ਦਾ ਵਾਅਦਾ

ਅਮਰਾਵਤੀ-ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਆਂਧਰਾ ਪ੍ਰਦੇਸ਼ ਵਿਚ 2024 ਦੀਆਂ ਵਿਧਾਨ ਸਭਾ ਚੋਣਾਂ ਜਿੱਤਣ ਤੇ ਸੂਬੇ ਦੇ ਲੋਕਾਂ ਨੂੰ ਪੰਜਾਹ ਰੁਪਏ ਵਿਚ ਸ਼ਰਾਬ ਦੀ ਬੋਤਲ ਦੇਣ ਦਾ ਵਾਅਦਾ ਕੀਤਾ ਹੈ। ਪਾਰਟੀ ਦੀ ਸੂਬਾ ਇਕਾਈ ਦੇ ਮੁਖੀ ਸੋਮੂ ਵੀਰਰਾਜੂ ਨੇ ਜਨਤਕ ਮੀਟਿੰਗ ਵਿੱਚ ਮੁੱਖ ਮੰਤਰੀ ਵਾਈਐੱਸ ਜਗਨ ਮੋਹਨ ਰੈਡੀ ਦੀ ਅਗਵਾਈ ਵਾਲੀ ਵਾਈਐੱਸਆਰ ਕਾਂਗਰਸ ਸਰਕਾਰ ਅਤੇ




ਵਿਰੋਧੀ ਤੇਲਗੂ ਦੇਸ਼ਮ ਪਾਰਟੀ ਦੀ ਆਲੋਚਨਾ ਕੀਤੀ। ਰਾਜ ਵਿੱਚ ਸ਼ਰਾਬ ਦੀਆਂ ਉੱਚੀਆਂ ਕੀਮਤਾਂ ਬਾਰੇ ਸ੍ਰੀ ਵੀਰਰਾਜੂ ਨੇ ਕਿਹਾ,'ਮੈਂ ਤੁਹਾਨੂੰ ਦੱਸ ਰਿਹਾ ਹਾਂ ਕਿ ਰਾਜ ਵਿੱਚ ਇੱਕ ਕਰੋੜ ਲੋਕ (ਸ਼ਰਾਬ) ਪੀਂਦੇ ਹਨ। ਤੁਸੀਂ ਭਾਜਪਾ ਨੂੰ ਵੋਟ ਦਿਓ, ਅਸੀਂ ਤੁਹਾਨੂੰ 75 ਰੁਪਏ ਦੀ ਸ਼ਰਾਬ ਦੇਵਾਂਗੇ। ਜੇ ਚੰਗੀ ਆਮਦਨ ਰਹੀ ਤਾਂ ਅਸੀਂ ਇਸ ਨੂੰ ਯਕੀਨੀ ਤੌਰ 'ਤੇ ਸਿਰਫ਼ 50 ਰੁਪਏ ਵਧੀਆ ਸ਼ਰਾਬ ਦੀ ਬੋਤਲ ਦੇਵਾਂਗੇ।

# ਧਾਰਮਿਕ ਬੋਲੀਆਂ

**ਕੁਲਵੀਰ ਸਿੰਘ ਡਾਨਸੀਵਾਲ**
778-863-2472

ਮਹਿਲ ਸਿੱਖੀ ਦਾ ਬਣਾਇਆ ਦਸ਼ਮੇਸ਼ ਨੇ
ਨੀਹਾਂ ਵਿੱਚ ਪੁੱਤ ਦੱਬ ਕੇ

ਨੋਟ ਵਾਰਦੀ ਪੁੱਤਾਂ ਦੇ ਉਤੋਂ ਦੁਨੀਆਂ
ਗੁਰੂ ਜੀ ਨੇ ਪੁੱਤ ਵਾਰਤੇ

ਪੁੱਤ ਭੇਜਤੇ ਕੈਨੇਡਾ ਆਪਾਂ
ਸੀ ਜੰਗਾਂ ਵਿਚ ਭੇਜੇ ਗੁਰਾਂ ਨੇ

ਪਿਆ ਕੰਡਿਆਂ ਦੀ ਸੇਜ ਵਿਛਾ ਕੇ
ਫੁੱਲਾਂ ਦੇ ਵਿਛੌਣੇ ਛੱਡ ਕੇ

ਗੁਰੂ ਲੜਿਆ ਕੌਮ ਦੇ ਬਦਲੇ
ਤੇ ਕੌਮ ਲੜੇ ਗੋਲਕਾਂ ਲਈ

ਲਾੜੀ ਮੌਤ ਨੂੰ ਵਿਆਉਣ ਚੱਲੇ ਪੋਤਰੇ
ਬਈ ਅਣਖਾਂ ਦੇ ਸਿਹਰੇ ਬੰਨ੍ਹ ਕੇ

ਲੋਕੋ ਕਿਹੜਿਆਂ ਹਲਾਤਾਂ ਵਿਚੋਂ ਗੁਜਰੀ
ਧੰਨ ਮਾਤਾ ਗੁਜਰੀ ਜੀ

ਠੰਡੇ ਬੁਰਜਾਂ ਦੀ ਯਾਦ ਮੈਨੂੰ ਆਵੇ
ਕੈਨੇਡਾ ਦੀ ਸਨੋਅ ਦੇਖ ਕੇ

ਮੋਤੀ ਮਹਿਰੇ ਦਾ ਵੀ ਦੁੱਧ ਚੇਤੇ ਰੱਖਿਓ
ਚਾਏ ਲਾਟੇ ਪੀਣ ਵਾਲਿਓ

ਜਿਹੜੀ ਹੋਜੂ ਸਰਹੰਦ ਨਾਲੋਂ ਮਹਿੰਗੀ
ਦੁਨੀਆ ਤੇ ਲਅਨਦ ਨਾ ਬਣੀ

ਟੋਡਰ ਮੱਲ ਦੀ ਹਵੇਲੀ ਸਾਂਭੋ
ਠੇਅਰ ਬਣਾਉਣ ਵਾਲਿਓ

ਸੀਸ ਆਪਣਾ ਕਟਾਤਾ ਨੌਵੇਂ ਗੁਰਾਂ ਨੇ
ਦੂਜਿਆਂ ਦੇ ਸੀਸ ਬਦਲੇ

ਪਤਾ ਲੱਭੇ ਨਾ ਔਰੰਗਿਆ ਤੇਰਾ
ਦਸ਼ਮੇਸ਼ ਘਰ ਘਰ ਵੱਸਦਾ

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks




14682 - 66th Ave, Surrey, BC, V3S 1Z9
Fax: 604-597-0854
www.lumber1.ca/contractor

ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।

ਸਟਰੋਕ ਦੇ ਲੱਛਣਾਂ ਬਾਰੇ ਸਿੱਖੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫ਼ੋਨ ਕਰੋ!

ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ

heartandstroke.ca/Punjabi

Heart & Stroke™
With the support of BRITISH COLUMBIA

© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada.




### ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ




ਲੇਖਕ : ਹਰਚੰਦ ਸਿੰਘ ਬਾਗੜੀ

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

792 ਯਾਰ ਯਾਰਾਂ ਕੋਲੋਂ ਵਿਦਾ ਜੁ ਮੰਗਦੇ, ਆਖ ਦਿਖਾ ਕੀ ਕਰੀਐ।
ਸਿਰ ਕਾਟਿ ਗੀਸਾਲ ਬਣਾਈਐ, ਪੇਸ਼ ਮਿਤ੍ਰਾਂ ਦੀ ਧਰੀਐ।
ਜੇ ਸਿਰ ਦਿੱਤੇ ਰਾਜੀ ਥੀਵਨ, ਸਿਰ ਦੇਂਦੇ ਢਿੱਲ ਨਾ ਕਰੀਐ।
ਸਿਰ ਸਦਕੇ ਕੁਰਬਾਨ 'ਬਿਹਾਰੀ', ਜੇ ਵਿਚਿ ਨਿਗਾਹਾਂ ਦੇ ਮਰੀਐ॥

**ਕਵੀ 'ਲਾਲ' ਜੀ ਬੋਲੇ**

793 ਮਹਿਬੂਬਾ ਦੇ ਦਰਸ਼ਨ ਕਾਰਨ, ਸੁਰਮਾਂ ਆਪ ਪਿਸਾਇਆ।
ਦੇ ਦੇ ਧਮਕਾਂ ਨਿੱਕਾ ਕੀਤਾ, ਪੱਥਰ ਜੋਰ ਸਹਾਇਆ।
ਜਿਉਂ ਜਿਉਂ ਘਸੇ ਤਿਉਂ ਤਿਉਂ ਰੰਗੇ, ਚੜ੍ਹਦਾ ਰੂਪ ਸਵਾਇਆ।
'ਲਾਲ' ਖਿਆਲ ਮੁਇਆ ਫਿਰ ਜੀਵੇ, ਜਾਂ ਚਸ਼ਮਾਂ ਦਾਖਲ ਆਇਆ॥

**'ਬਿਹਾਰੀ' ਛਾਪ ਵਾਲੇ**

794 ਇਸ ਨੇਹਾਂ ਮੈਂਡੇ ਸਤਿਗੁਰ ਵਾਲੇ, ਮੇਰੇ ਸੀਨੇ ਅੰਦਰ ਪੁੜਿਆ।
ਹੁਣ ਤੇ ਮੁੜਿਆਂ ਬਣਦੀ ਨਾਹੀਂ, ਜਾਂ ਸਨਮੁਖ ਮੱਥਾ ਜੁੜਿਆ।
ਭੰਨੀ ਭੰਨੀ ਪੱਤਣ ਵੰਞਾਂ, ਅੱਗ ਹੂੰ ਬੇੜਾ ਹੁੜਿਆ।
ਤਿੰਨਾਂ ਨਾਲੋਂ ਟੁੱਟੀ ਚੰਗੇਰੀ, ਸਿਦਕ ਜਿਨ੍ਹਾਂ ਦਾ ਮੁੜਿਆ॥

795 ਜੈਂ ਦੀ ਸਿੱਕ ਤੈਂਈ ਦਾ ਸਿੱਕਾ, ਬਿਆ ਸਿੱਕਾ ਫਿੱਕਾ ਲੱਗੇ।
ਜੈਂਦੇ ਦਰਦ ਤਈਂ ਦਾ ਦਾਰੂ, ਬਿਆਂ ਦਾਰੂ ਕੀਹ ਲੱਗੇ।
ਜੈਂਦਾ ਨਾਉਂ ਨੀਸਾਨ ਤਈਂ ਦਾ, ਵੱਜ ਰਿਹਾ ਵਿੱਚ ਜੱਗੇ।
ਸੱਜਨ ਕੋਲੋਂ ਮੁੱਖ ਜਿ ਮੋੜਨ, ਸੇ ਦਰਗਹਿ ਮੂਲ ਨਾ ਤੱਗੇ॥

**ਨੰਦ ਲਾਲ ਜੀ***

796 ਏਕ ਦਿਹਾਂ ਮੈਂ ਸਤਿਗੁਰ ਕੋਲੋਂ, ਪ੍ਰੇਮ ਸੁਰਾਹੀ ਪੀਤੀ।
ਭਾਇ ਅਸਾਡੇ ਲਿਖੀ ਫ਼ਕੀਰੀ, ਸੋ ਮਸਤਕ ਧਰ ਲੀਤੀ।
ਪਿਛਲਾ ਜਨਮ ਅਕਾਰਥ ਹੋਇਆ, ਹਰਿ ਕੀ ਭਗਤ ਨਾ ਕੀਤੀ।
ਆਗੈ ਸਮਝ ਚਲਹੁ 'ਨੰਦ ਲਾਲਾ' ਜੋ ਬੀਤੀ ਹੈ ਬੀਤੀ॥

* ਇਹ ਨੰਦ ਲਾਲ ਜੀ ਫ਼ਾਰਸੀ ਵਾਲੇ ਨਹੀਂ ਹੋਰ ਕਵੀ ਹਨ।

**ਇੱਕ 'ਬਿਹੰਗਮ'**

797 ਮੁਸ਼ਕਲ ਮਿਲਣ ਮਾਹੀ ਨੂੰ ਹੀਰੇ, ਔਝੜ ਝੰਗ ਬਲਾਈਂ।
ਕਰ ਕਰ ਸ਼ੇਰ ਜਮਾਤੀਂ ਬੈਠੇ, ਨਾਗ ਕੁੰਡਲ ਬਲ ਪਾਈਂ।
ਪੰਧ ਮੁਹਾਜ ਨਾ ਦੇਂਦੇ ਜਾਵਣ, ਮਲ ਡਾਕੇ ਬਹਿਣ ਸਰਾਈਂ।
ਅੱਗੇ ਬੇਪਰਵਾਹ ਰੰਝੇਟਾ, ਭਾਣੇਂ ਮਿਲਣ ਰਜਾਈਂ॥

**ਇਕ ਹੋਰ ਕਵੀ ਜੀ**

798 ਬੇ ਫਿਕਰਾਂ ਨੋ ਫਿਕਰ ਨਾ ਕਾਈ, ਸਦਾ ਰਹਿਣ ਮਤਵਾਲੇ।
ਅੱਠੇ ਪਹਿਰ ਰਹਿਣ ਵਿਚ ਗਿਣਤੀ, ਬਹੁਤੀ ਮਾਇਆ ਵਾਲੇ।
ਇਸ ਮਾਇਆ ਤੇ ਦੂਰ ਖੜੋਤੇ, ਕਈ ਵਿਰਲੇ ਸਾਧ ਸੁਖਾਲੇ।
ਕੰਮ ਸੁਆਲੀਆ ਬੇੜੇ ਭਗਤਾਂ, ਦੇ ਮੈਂਡਾ ਸਤਿਗੁਰ ਆਪ ਸੰਭਾਲੇ॥

**'ਬਿਹਾਰੀ' ਜੀ**

799 ਆਸ਼ਕ ਆਸ਼ਕ ਸਭ ਕੋਈ ਆਖੇ, ਟੇਢੀ ਪਗਰੀ ਧਰਕੇ।
ਸਿਰ ਤੇ ਪਰੇ ਇਸ਼ਕ ਦਾ ਡੇਰਾ, ਸਭ ਮੁੜ ਆਏ ਡਰਕੇ।
ਮਾਨ ਮਨੀ ਤੇ ਖੁਦੀ ਤਕੱਬਰ, ਕੋਈ ਨਾ ਰਹਿਓ ਜਰਕੇ।
ਸੱਜਣਾਂ ਦੇ ਉਸ ਮਹਿਲ 'ਬਿਹਾਰੀ' ਕੋਈ ਆਸ਼ਕ ਪਹੁਤਾ ਮਰਕੇ॥

800 ਇਸ਼ਕ ਨਗੀਨਾ ਸੋਈ ਜਾਣਨ, ਜਿਹੜੇ ਹੋਵਣ ਆਪ ਨਗੀਨੇ।
ਇਸ਼ਕ ਮੁਸ਼ਕ ਦੀ ਸਾਰ ਕੀ ਜਾਵਨ ਕੋਈ ਕਾਇਰ ਲੋਕ ਕਮੀਨੇ।
ਇਸ਼ਕ ਨਹੀ ਕੋਈ ਤਿੱਖੀਆਂ ਛੁਰੀਆਂ, ਘਾਉ ਕਰਨ ਵਿਚ ਸੀਨੇ।
ਤਨ ਦੀਆਂ ਤਪਤਾਂ ਮਿਟਣ 'ਬਿਹਾਰੀ', ਜੇ ਦਿਸਨ ਗੁਰੂ ਨਗੀਨੇ॥

801 ਮਨ ਅਸਵਾਰ ਪਵਨ ਕਾ ਘੋੜਾ, ਅਸਾਂ ਗਗਨ ਤਮਾਸ਼ੇ ਜਾਣਾ।
ਗਗਨ ਅੰਦਰ ਇੱਕ ਬਾਗ ਅਜਾਇਬ, ਚੁਣ ਅੰਮ੍ਰਿਤ ਫਲ ਖਾਣਾ।
ਮਿੱਠਾ ਬੋਲਣ ਤੇ ਨਾਮ ਅਰਾਧਨ, ਸੀਤਲ ਪਵਨ ਫੁਹਾਰਾ,
ਮਨ ਦੀਆਂ ਵਾਂਗਾਂ ਹੱਥ 'ਬਿਹਾਰੀ', ਤਿੱਨ ਕਉਣ ਮਿਲੇ ਅਸਵਾਰਾ॥

**ਫੇਰ ਬਿਹੰਗਮ ਕਵੀ ਜੀ ਨੇ ਸੱਦ ਲਾਈ**

802 ਮਹਿਬੂਬਾਂ ਦੇ ਵੇਖਣ ਕਾਰਨ, ਕੱਖ ਗਲੀ ਦਾ ਥੀਵਾਂ।
ਵੱਗੇ ਵਾਉ ਪੁਰੇ ਦੀ ਜਿਉਂ ਤਿਉਂ, ਦਰ ਤੇ ਜਾਏ ਸਟੀਵਾਂ।
ਆਂਦੇ ਜਾਂਦੇ ਦਾ ਦਰਸ਼ਨ ਪਾਵਾਂ, ਚਰਨੀ ਕਦੇ ਛੁਹੀਵਾਂ।
ਚਰਨ ਧੂੜ ਬਣ ਸਤਿਗੁਰ ਵਾਲੀ, ਮਰਕੇ ਮੈਂ ਮੁੜ ਜੀਵਾਂ॥

**ਗੁਰੂ ਜੀ ਦਾ ਇਸ਼ਾਰਾ ਪਾ ਕੇ ਅੱਡਾ ਜੀ ਬੋਲੇ**

803 ਗੋਬਿੰਦ ਸਿੰਘ ਗੁਰਾਂ ਗੁਰ ਸੂਰੇ, ਮਿਹਰ ਆਪਣੀ ਕੀਤੀ।
ਜਿੱਤ ਵਲ ਨਜ਼ਰ ਉਤੇ ਵਲ ਮਿਹਰ, ਮਿਹਰ ਅਸਾਂ ਲੈ ਲੀਤੀ।
ਕਾਹਦੇ ਇਸ਼ਕ ਤੇ ਸਿਦਕ ਅਸਾਡੇ, ਸਾਡੀ ਭੁੱਲ ਪਰੀਤੀ।
ਨਾਮ ਦਾਨ ਇਸਨਾਨ ਦਾਤ ਦੇ, ਕਮੀ ਨ ਕੋਈ ਕੀਤੀ॥

**ਕਵੀਓ ਵਾਚ**

804 ਚੰਦ-ਤਾਰੇ, ਰਾਤ ਨਿਹਾਲ ਹੋਈ, ਅਤੇ ਹੋਏ ਪਲ ਸੁਹਾਵਣੇ ਨੇ।
ਇਬਰਾਹੀਮ ਜੀ ਸੋਚਦੇ ਮਨ ਆਪਣੇ, ਲਮਹੇ ਮੁੜ ਨਾ ਇਹ ਥਿਆਵਣੇ ਨੇ।
ਖੁਦ ਖ਼ੁਦਾ ਬੰਦਿਆਂ ਵਿੱਚ ਬੈਠਾ, ਭਾਗ ਜਿਸ ਜਹਾਨ ਨੂੰ ਲਾਵਣੇ ਨੇ।
ਹਰਚੰਦ ਸਿੰਘਾ ਫ਼ਕੀਰ ਦੀ ਹੋਈ ਲੋਚਾ, ਸਾਹ ਗੁਰੂ ਦੇ ਨਾਮ ਲਖਾਵਣੇ ਨੇ॥

**ਫ਼ਕੀਰ ਇਬਰਾਹੀਮ**

805 ਮੈਨੂੰ ਉੱਮਤ-ਕਬੀਲੇ ਦਾ ਭੈ ਨਾਹੀ, ਲਾਜ-ਲੱਜਿਆਂ ਪਿੱਛੇ ਮੈਂ ਛੱਡ ਆਇਆ।
ਦਾਨੇ ਵਾਂਙ ਹੀ ਸਿੰਘ ਸਜਾਉ ਮੈਨੂੰ, ਪੱਲਾ ਆਪਣਾ ਸਾਈਂ ਜੀ ਅੱਡ ਆਇਆ।
ਮੈਨੂੰ ਆਪਣਾ ਸਿੱਖੀ ਸਰੂਪ ਦੇਵੋ, ਸਭ ਲਾਲਸਾਂ ਦਿਲ 'ਚੋਂ ਕੱਢ ਆਇਆ।
ਇਕ ਤੇਰੇ ਦੀਦਾਰ ਦੀ ਲੋੜ ਮੈਨੂੰ, ਡੋਰਾਂ ਸਾਰੀਆਂ ਹੋਰ ਮੈਂ ਵੱਢ ਆਇਆ॥

806 ਮੈਨੂੰ ਇਤਨੀ ਸੂਝ ਤੇ ਸੋਚ ਹੋਈ, ਇੱਕ ਸਾਗਰ ਤੇ ਕਣੀ ਕਰੋੜ ਸਾਈਂ।
ਲੱਖਾਂ ਨਦੀਆਂ ਵਹਿੰਦੀਆਂ ਧਰਤ ਉਤੇ, ਸਾਗਰ ਵੱਲ ਨੂੰ ਸਭਦੀ ਰੋੜ੍ਹ ਸਾਈਂ।
ਇੱਕੋ ਮਾਲਕ ਇਸ ਸੰਸਾਰ ਦਾ ਏ, ਪੂਰੀ ਕਰਦਾ ਸਭ ਦੀ ਲੋੜ ਸਾਈਂ।
ਹਰਚੰਦ ਸਿੰਘਾ ਅਗਿਆਨੀਆਂ ਭਰਮ ਪਾਏ, ਲੋਕ ਲੋਕਾਂ ਤੋਂ ਦਿੱਤੇ ਨੇ ਤੋੜ ਸਾਈਂ॥

807 ਤੇਰੇ ਵਿਚੋਂ ਓਸਦੀ ਝਲਕ ਪੈਂਦੀ, ਜਿਨੂੰ ਫਿਰਾਂ ਚਿਰ ਤੋਂ ਭਾਲਦਾ ਮੈਂ।
ਢੂੰਡ ਥੱਕਾਂ ਦਰਗਾਹਾਂ ਤੀਰਥਾਂ ਤੇ, ਜਲਾਲ ਵੇਖਿਆ ਨਾ ਤੇਰੇ ਨਾਲ ਦਾ ਮੈਂ।
ਆਪੂੰ ਆਗਿਉਂ ਚੱਲ ਫ਼ਕੀਰ ਕੋਲੇ, ਫਿਰਾਂ ਭਟਕਦਾ ਕਿੰਨੇ ਸਾਲ ਦਾ ਮੈਂ।
ਸਾਰ ਲੈਂਦਾ ਨਾ ਸਤਿਗੁਰ ਹਰਚੰਦ ਸਿੰਘਾ, ਮੁੱਕ ਜਾਂਵਦਾ ਉਮਰਾਂ ਭਾਲਦਾ ਮੈਂ॥

808 ਜਿਹੜਾ ਆਪਣੇ ਸਿੱਖਾਂ ਨੂੰ ਦੇਂਵਦਾ ਏ, ਉਹ ਮੈਨੂੰ ਵੀ ਆਬੇ ਹਯਾਤ ਦੇ ਦੇ।
ਲੋੜਬੰਦਾਂ ਦੀ ਮੈਂ ਵੀ ਕਰਾਂ ਸੇਵਾ, ਮੈਨੂੰ ਅੰਮ੍ਰਿਤ ਦੀ ਦਾਤਾ ਦਾਤ ਦੇ ਦੇ।
ਸਿੰਘ ਬਣਕੇ ਸਿੱਖੀ ਦੀ ਲਾਜ ਪਾਲੂੰ, ਇਸ ਪਪੀਹੇ ਨੂੰ ਨਾਮ ਬਰਸਾਤ ਦੇ ਦੇ।
ਤੁਰਕ ਜਾਣਕੇ ਕਰੀਂ ਇਨਕਾਰ ਨਾਹੀ, ਭਿਖਾਰੀ ਜਾਣ ਕੇ ਸਿੱਖੀ ਸੁਗਾਤ ਦੇ ਦੇ॥

**(ਬਾਕੀ ਅਗਲ ਅੰਕ ਵਿਚ)**

49 YEARS OF EXCELLENCE
1973 THE LINK GROUP 2021
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7
ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1 98 SF
Berber
Installed
Textured Saxony
Installed
from $2 28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ
ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਪੀ.ਆਰ ਜੱਟ ਸਿੱਖ ਲੜਕਾ, 25, 6'1", ਗੁਰਸਿੱਖ, ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ., ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਲੜਕੀ ਪੜੀ ਲਿਖੀ, ਲੰਬੀ ਅਤੇ ਗੁਰਸਿੱਖ ਹੋਣੀ ਚਾਹਿਦੀ ਹੈ। ਸੰਪਰਕ–778-917-3193 ਜਾਂ ਈਮੇਲ: jsingh0816@gmail.com

◆◆◆◆◆◆◆◆◆◆◆◆◆◆

ਕੈਨੇਡੀਅਨ ਪੀ.ਆਰ ਸੈਣੀ ਸਿੱਖ ਕੇਸਧਾਰੀ ਲੜਕਾ, 26, 6'2", B.Com ਕੈਨੇਡਾ ਵਿੱਚ ਆਪਣਾ ਬਿਜ਼ਨੈਸ , ਲਈ ਪੀ.ਆਰ ਲੜਕੀ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡਿੰਟ ਲੜਕੀ ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ ਸੰਪਰਕ–604–825-4503 ਜਾਂ 011-977-923-3484

◆◆◆◆◆◆◆◆◆◆◆◆◆◆

### ਲੜਕੇ ਦੀ ਲੋੜ

ਜੱਟ ਸਿੱਖ ਪੰਧੇਰ ਕੈਨੇਡੀਅਨ PR, ਉਮਰ 25 ਸਾਲ, ਕੱਦ 5 ਫੁੱਟ 6 ਇੰਚ, ਜੌਬ ਕਰਦੀ ਲੜਕੀ ਵਾਸਤੇ ਵੈਸ਼ਨੂ PR ਜਾਂ ਵਰਕ ਪਰਮਿਟ ਲੜਕੇ ਦੀ ਲੋੜ ਹੈ, ਮਾਲਵਾ ਖੇਤਰ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ–604-781-4266 , ਈਮੇਲ – jagmandeepsingh22@gmail.com

◆◆◆◆◆◆◆◆◆◆◆◆◆◆

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ–ਫੋਨ ਨੰਬਰ 91-77105-45804 (ਵੈਟਸਐਪ)

◆◆◆◆◆◆◆◆◆◆◆◆◆◆

## MATRIMONIALS

### ਲੜਕੇ ਦੀ ਲੋੜ

ਰਾਮਗੜੀਆ ਸਿੱਖ ਪਰਿਵਾਰ ਦੀ ਤਲਾਕਸ਼ੁਦਾ ਲੜਕੀ, ਉਮਰ 39, 5'3", ਵਾਸਤੇ ਯੋਗ ਵਰ ਦੀ ਕੈਨੇਡਾ ਤੋਂ ਲੋੜ ਹੈ। ਲੜਕੀ ਨੇ +2 ਪਾਸ ਕਰਕੇ OT ਦਾ ਕੋਰਸ ਕੀਤਾ ਹੋਇਆ ਹੈ। ਕੋਈ ਜਾਤੀ ਬੰਧਨ ਨਹੀ ਹੈ। ਸੰਪਰਕ–ਕੈਨੇਡਾ:604-644-1812 ਅਤੇ ਭਾਰਤ: 98140-90611

jan 01

◆◆◆◆◆◆◆◆◆◆◆◆◆◆

### ਜੀਵਨ ਸਾਥਣ ਦੀ ਲੋੜ

54 ਸਾਲਾਂ ਕਨੇਡੀਅਨ ਸਿਟੀਜ਼ਨ ਜੱਟ ਸਿੱਖ ਵਿਅਕਤੀ ਲਈ ਪੀ ਆਰ ਜਾਂ ਕਨੇਡੀਅਨ ਸਿਟੀਜ਼ਨ ਜੀਵਨ ਸਾਥਣ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। । ਸੰਪਰਕ–778-968-3685

dec25

◆◆◆◆◆◆◆◆◆◆◆◆◆◆

## EMPLOYMENTS

NU Style Kitchen Cabinet ਕੰਪਨੀ ਨੂੰ ਆਫਿਸ ਅਤੇ ਵੇਅਰਹਾਊਸ ਵਿੱਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ। ਕੰਮ ਕਰਨ ਲਈ ਅਤੇ ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-761-0775 ਜਾਂ 604-825-7322 ਤੇ ਸੰਪਰਕ ਕਰੋ।

jan 01

◆◆◆◆◆◆◆◆◆◆◆◆◆◆

ਸਰੀ ਵਿੱਚ ਨਾਮਵਰ ਰੂਫਿੰਗ ਕੰਪਨੀ ਨੂੰ ਕਾਮੇਆਂ ਦੀ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ। ਕੰਮ ਕਰਨ ਲਈ ਅਤੇ ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-961-2035 ਤੇ ਸੰਪਰਕ ਕਰੋ।

jan 01

◆◆◆◆◆◆◆◆◆◆◆◆◆◆

SO WE CAN KEEP YOU UPDATE ON ALL THE LATEST GOODIES!
LIKE OUR PAGE
ads@thelinkpaper.ca
www.thelinkpaper.ca
Ph: 604.591.5160

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ– ਲਖਵੀਰ ਸਿੰਘ ਗਰੇਵਾਲ: 778-881-0002

◆◆◆◆◆◆◆◆◆◆◆◆◆◆

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ–ਚਰਨਜੀਤ ਕੌਰ 604-309-8705

◆◆◆◆◆◆◆◆◆◆◆◆◆◆

### ਵਰਕਰਾਂ ਦੀ ਲੋੜ

ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ:
ਸਾਹਿਬ ਸਿੰਘ : 778-863-9000

S K Fraimng ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 'ਤੇ ਸੰਪਰਕ ਕਰੋ।

◆◆◆◆◆◆◆◆◆◆◆◆◆◆

# ਆਪਣੀ ਜ਼ਿੰਮੇਵਾਰੀ ਆਪ ਚੁੱਕੋ

ਸਾਡੀ ਮਨੁੱਖਾਂ ਦੀ ਆਦਤ ਹੈ ਕਿ ਅਸੀਂ ਜ਼ਿਆਦਾਤਰ ਆਪਣੇ ਅਣਸੁਖਾਵੇਂ ਹਲਾਤਾਂ ਦੇ ਜ਼ਿੰਮੇਵਾਰ ਦੂਸਰਿਆਂ ਨੂੰ ਠਹਿਰਾਉਂਦੇ ਹਾਂ। ਜੇਕਰ ਕੋਈ ਨਿਰਾਸ਼ ਹੁੰਦਾ ਹੈ ਤਾਂ ਜ਼ਿਆਦਾਤਰ ਕੋਸ਼ਿਸ਼ ਇਹ ਹੁੰਦੀ ਹੈ ਕਿ ਇਸਦਾ ਸਿਹਰਾ ਕਿਸ ਸਿਰ ਬੰਨਿਆ ਜਾਵੇ ਤਾਂ ਜੋ ਨਿਰਾਸ਼ਤਾ



ਦੇ ਕਾਰਨ ਜੋ ਬਚੈਨੀ ਜਾਂ ਕਰੋਧ ਆ ਰਿਹਾ ਹੈ ਉਹ ਕਿਸੇ ਦੂਸਰੇ ਉੱਪਰ ਕੱਢ ਸਕੀਏ । ਇਸ ਗੱਲ ਨੂੰ ਅਸੀਂ ਦੁਰਕਾਰ ਨਹੀਂ ਸਕਦੇ । ਅੱਜ ਦੀ ਭੱਜਦੌੜ ਵਾਲੀ ਜ਼ਿੰਦਗੀ ਵਿੱਚ ਇਹ ਹਰ ਘਰ ਦੀ ਕਹਾਣੀ ਬਣੀ ਹੋਈ ਹੈ। ਅਸੀਂ ਲੋਕ ਹਮੇਸ਼ਾ ਦੂਸਰਿਆਂ ਦੇ ਕੰਨੀ ਝਾਕਦੇ ਰਹਿੰਦੇ ਹਾਂ। ਆਪਣੇ ਹੱਥੀ ਕੁਝ ਕਰਨਾ ਸਾਨੂੰ ਬਹੁਤ ਭਾਰੀ ਲੱਗਦਾ ਹੈ। ਘਰੇਲੂ ਕੰਮਾਂ ਤੋਂ ਲੈਕੇ ਸਾਡੇ ਜੀਵਨ ਨੂੰ ਲੀਹ ਤੇ ਲਿਆਉਣ ਤੱਕ ਦੇ ਫੈਂਸਲਿਆਂ ਤੱਕ ਅਸੀਂ ਲੋਕਾਂ ਉੱਪਰ ਨਿਰਭਰ ਰਹਿੰਦੇ ਹਾਂ। ਦੂਸਰਿਆਂ ਉੱਪਰ ਨਿਰਭਰ ਹੋਣ ਜਾਂ ਹਮੇਸ਼ਾ ਰਿੱਜੀ ਖੀਰ ਭਾਲਣ ਵਾਲਿਆਂ ਦੇ ਸਾਹਮਣੇ ਦੋ ਸਥਿਤੀਆਂ ਹਮੇਸ਼ਾ ਆਉਂਦੀਆਂ ਹਨ। ਇਸ ਵਿੱਚੋਂ ਪਹਿਲੀ ਸਥਿਤੀ ਇਹ ਹੁੰਦੀ ਹੈ ਕਿ ਪਹਿਲਾਂ ਤਾਂ ਅਸੀਂ ਆਪਣੇ ਜੀਵਨ ਦੀ ਜ਼ਿੰਮੇਵਾਰੀ ਆਪ ਚੁੱਕਦੇ ਹੀ ਨਹੀਂ ਹਾਂ, ਬੱਚੇ ਜ਼ਿਆਦਾਤਰ ਮਾਪਿਆਂ ਉੱਪਰ ਹੀ ਨਿਰਭਰ ਹੋਏ ਰਹਿੰਦੇ ਹਨ, ਜੇਕਰ ਮਾਪਿਆਂ ਨੇ ਬੱਚਿਆਂ ਨੂੰ ਪੜ੍ਹਾ ਲਿਖਾ ਦਿੱਤਾ ਹੈ ਤਾਂ ਹੁਣ ਬੱਚਿਆਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣਾ ਰੁਜ਼ਗਾਰ ਆਪ ਲੱਭਣ। ਖੁਦ ਹਿੰਮਤ ਕਰਨ ਤੇ ਨੌਕਰੀਆਂ ਲੱਭਣ। ਆਪਣੇ ਆਪ ਦੀ ਜ਼ਿੰਮੇਵਾਰੀ ਚੁੱਕਦੇ ਹੋਏ ਮਾਪਿਆਂ ਦੇ ਹੱਥਾਂ ਵੱਲ ਨਾ ਵੇਖਣ ਬਲਕਿ ਮਾਪਿਆਂ ਨੂੰ ਕਮਾ ਕੇ ਦੇਣ। ਪਰ ਬਹੁਤ ਸਾਰੇ ਨੌਜਵਾਨ ਅਜਿਹੇ ਹੁੰਦੇ ਹਨ ਜੋ ਪੜ੍ਹਾਈ ਲਿਖਾਈ ਕਰਨ ਉਪਰੰਤ ਵੀ ਮਾਪਿਆਂ ਕੋਲੋਂ ਆਸ ਰੱਖਦੇ ਹਨ ਕਿ ਹੁਣ ਨੌਕਰੀ ਜਾਂ ਕਾਰੋਬਾਰ ਵੀ ਉਹੀ ? ਸ਼ੁਰੂ ਕਰ ਕੇ ਦੇਣ। ਜੋ ਕਿ ਬਿਲਕੁਲ ਗਲਤ ਅਤੇ ਗੈਰ ਜ਼ਿੰਮੇਵਾਰੀ ਵਾਲੀ ਹਰਕਤ ਹੈ। ਇਸ ਤੋਂ ਇਲਾਵਾ ਦੂਸਰੀ ਸਥਿਤੀ ਇਹ ਹੁੰਦੀ ਹੈ ਕਿ ਕੁਝ ਮਾਪੇ ਆਪਣੇ ਬੱਚਿਆਂ ਨੂੰ ਜ਼ਿੰਮੇਵਾਰੀ ਚੁੱਕਣ ਹੀ ਨਹੀਂ ਦਿੰਦੇ, ਉਹਨਾਂ ਦੇ ਹਰ ਫੈਸਲੇ ਨੂੰ ਨਿਕਾਰ ਦਿੱਤਾ ਜਾਂਦਾ ਹੈ । ਬੱਚਿਆਂ ਦੀ ਪੜ੍ਹਾਈ ਲਿਖਾਈ ਤੋਂ ਲੈਕੇ ਨੌਕਰੀ ਤੱਕ ਮਾਪੇ ਏਨੀ ਜ਼ਿਆਦਾ ਸਖਤਾਈ ਰੱਖਦੇ ਹਨ ਕਿ ਬੱਚਿਆਂ ਉਪਰ ਕਈ ਅਜਿਹੇ ਫੈਸਲੇ ਥੋਪ ਦਿੱਤੇ ਜਾਂਦੇ ਹਨ , ਜਿਸ ਵਿੱਚ ਉਹ ਕਦੇ ਵੀ ਖੁਸ਼ ਨਹੀਂ ਹੁੰਦੇ। ਅਜਿਹੀਆਂ ਹਾਲਤਾਂ ਵਿੱਚ ਨਿਰਾਸ਼ਤਾ ਦੇ ਆਲਮ ਲੋਕਾਂ ਦੀਆਂ ਜ਼ਿੰਦਗੀਆਂ ਤੇ ਆ ਚੜਦੇ ਹਨ ਤੇ ਫਿਰ ਸ਼ੁਰੂ ਹੁੰਦਾ ਹੈ ਇੱਕ ਦੂਸਰੇ ਉੱਪਰ ਇਲਜ਼ਾਮ ਲਾਉਣ ਦਾ ਸਿਲਸਿਲਾ, ਜਿਸ ਦਾ ਅੰਤ ਕਲੇਸ਼ ਦੇ ਰੂਪ ਵਿੱਚ ਹੁੰਦਾ ਹੈ। ਹੁਣ ਇਹਨਾਂ ਦੋਨਾਂ ਸਥਿਤੀਆਂ ਨੂੰ ਜਾਨਣ ਉਪਰੰਤ ਹੁਣ ਦੋ ਚੀਜ਼ਾਂ ਸਾਹਮਣੇ ਆਉਂਦੀਆਂ ਹਨ , ਇੱਕ ਤਾਂ ਇਹ ਕਿ ਕੁਝ ਬੱਚੇ (ਨੌਜਵਾਨ) ਸਾਰੀ ਉਮਰ ਆਪਣੀ ਜ਼ਿੰਮੇਵਾਰੀ ਚੁੱਕਣਾ ਹੀ ਨਹੀਂ ਚਾਉਂਦੇ। ਉਹ ਹਮੇਸ਼ਾ ਚਾਹੁੰਦੇ ਹਨ ਕਿ ਉਹਨਾਂ ਦੇ ਮਾਪੇ ਹੀ ਉਹਨਾਂ ਦੇ ਸਾਰੇ ਕੰਮ ਕਰਨ ਤੇ ਇੱਕ ਅਜਿਹੇ ਮਾਪੇ ਜੋ ਆਪਣੇ ਬੱਚਿਆਂ ਨੂੰ ਕੋਈ ਜ਼ਿੰਮੇਵਾਰੀ ਦੇਣਾ ਹੀ ਨਹੀਂ ਚਾਹੁੰਦੇ ਅਤੇ ਸਾਰੀ ਉਮਰ ਆਪਣੇ ਫੈਂਸਲਿਆਂ ਉੱਤੇ ਹੀ ਨਿਰਭਰ ਰੱਖਣਾ ਚਾਹੁੰਦੇ ਹਨ। ਇਹਨਾਂ ਦਾ ਸਿੱਟਾ ਇਹ ਨਿਕਲਦਾ ਹੈ ਕਿ ਦੋਨਾਂ ਹੀ ਸਥਿਤੀਆਂ ਵਿੱਚ ਇੱਕ ਚੰਗੀ ਸ਼ਖਸੀਅਤ ਦਾ ਨਿਰਮਾਣ ਨਹੀਂ ਹੋ ਸਕਦਾ। ਇੱਕ ਚੰਗੀ ਸ਼ਖਸੀਅਤ ਤਾਂ ਹੀ ਸਿਰਜੀ ਜਾਂ ਸਕਦੀ ਹੈ ਜੇਕਰ ਹਰ ਕੋਈ ਆਪਣੀ ਜ਼ਿੰਮੇਵਾਰੀ ਆਪ ਚੁੱਕੇ। ਸਾਨੂੰ ਆਪਣੀ ਜ਼ਿੰਦਗੀ ਦੇ ਹਰ ਫੈਸਲਾ ਆਪ ਲੈਣਾ ਚਾਹੀਦਾ ਹੈ ਹਾਂ ਇਹ ਜ਼ਰੂਰ ਕਿ ਉਸ ਵਿੱਚ ਤੁਸੀਂ ਆਪਣੇ ਮਾਪਿਆਂ ਅਤੇ ਹੋਰ ਤਜ਼ਰਬੇਕਾਰ ਲੋਕਾਂ ਦੀ ਸਲਾਹ ਜ਼ਰੂਰ ਲੈ ਸਕਦੇ ਹੋ ਪਰ ਤੁਹਾਡੀ ਜ਼ਿੰਦਗੀ ਦੇ ਫ਼ੈਸਲੇ ਤੁਹਾਡੇ ਦੁਆਰਾ ਲਏ ਹੋਣੇ ਚਾਹੀਦੇ ਹਨ ਤਾਂ ਜੋ ਕੱਲ ਨੂੰ ਜੋ ਵੀ ਨਤੀਜਾ ਆਉਂਦਾ ਹੈ ਤਾਂ ਉਸਦੇ ਜ਼ਿੰਮੇਵਾਰ ਵੀ ਤੁਸੀਂ ਆਪ ਹੋ ਸਕੋ। ਇਸੇ ਤਰ੍ਹਾਂ ਜਦੋਂ ਮਾਪੇ ਆਪਣੇ ਬੱਚਿਆਂ ਨੂੰ ਕੋਈ ਜ਼ਿੰਮੇਵਾਰ ਆਪ ਨਹੀਂ ਚੁੱਕਣ ਦਿੰਦੇ ਤਾਂ ਭਵਿੱਖ ਵਿੱਚ ਬੱਚੇ ਦੇ ਅਸਫ਼ਲ ਹੋਣ ਕਾਰਨ ਮਾਪਿਆਂ ਨੂੰ ਬਹੁਤ ਕੁਝ ਸੁਨਣਾ ਪੈਂਦਾ ਹੈ। ਥੋੜੇ ਸਬਦਾਂ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਸਾਨੂੰ ਆਪਣੇ ਆਪ ਦੀ ਜ਼ਿੰਮੇਵਾਰੀ ਆਪ ਚੁੱਕਣੀ ਚਾਹੀਦੀ ਹੈ।

ਜਿਹੜੇ ਲੋਕ ਹਮੇਸ਼ਾ ਦੂਸਰਿਆਂ ਦਾ ਸਹਾਰਾ ਤੱਕਦੇ ਰਹਿੰਦੇ ਹਨ, ਉਹ ਹਮੇਸ਼ਾ ਹੋਰਾਂ ਲਈ ਤੇ ਆਪਣੇ ਆਪ ਲਈ ਵੀ ਬੋਝ ਬਣ ਕੇ ਰਹਿ ਜਾਂਦੇ ਹਨ। ਇੱਕ ਵਧੀਆ, ਬੇਬਾਕ ਸ਼ਖਸੀਅਤ ਲਈ ਜ਼ਰੂਰੀ ਹੈ ਕਿ ਤੁਸੀ ਆਪਣੇ ਜੀਵਨ ਦੇ ਨਿਰਮਾਤਾ ਆਪ ਬਣੋ। ਆਪਣੇ ਨਿੱਕੇ ਨਿੱਕੇ ਕੰਮਾਂ ਤੋਂ ਲੈਕੇ ਜ਼ਿੰਦਗੀ ਦੇ ਵੱਡੇ ਫੈਸਲਿਆਂ ਤੱਕ ਦੀ ਜ਼ਿੰਮੇਵਾਰੀ ਆਪ ਚੁੱਕੋ। ਮਾਪਿਆਂ ਨੂੰ ਵੀ ਆਪਣੇ ਬੱਚਿਆਂ ਨੂੰ ਛੋਟੇ ਛੋਟੇ ਫੈਸਲੇ ਕਰਨ ਦੇ ਮੌਕੇ ਦੇਣੇ ਚਾਹੀਦੇ ਹਨ ਤਾਂ ਜੋ ਭਵਿੱਖ ਵਿੱਚ ਬੱਚੇ ਆਪਣੇ ਜੀਵਨ ਨੂੰ ਵਧੀਆ ਤਰੀਕੇ ਨਾਲ ਤੋਰ ਸਕਣ। ਬਚਪਨ ਤੋਂ ਨਿੱਕੀਆਂ ਨਿੱਕੀਆਂ ਜ਼ਿੰਮੇਵਾਰੀਆਂ ਤੇ ਫੈਸਲੇ ਲੈਣ ਦੀ ਆਦਤ ਬੱਚਿਆਂ ਨੂੰ ਭਵਿੱਖ ਦੇ ਸੂਝਵਾਨ ਫੈਂਸਲਾ ਨਿਰਮਾਤਾ ਬਣਾਵੇਗੀ। ਇਸ ਲਈ ਨੌਜਵਾਨ ਬੱਚਿਆਂ ਨੂੰ ਆਪਣੇ ਜੀਵਨ ਦੀ ਜ਼ਿੰਮੇਵਾਰੀ ਆਪ ਚੁੱਕਣੀ ਚਾਹੀਦੀ ਹੈ ਅਤੇ ਮਾਪਿਆਂ ਨੂੰ ਇਸ ਵਿੱਚ ਬੱਚਿਆਂ ਨੂੰ ਪੂਰਾ ਸਹਿਯੋਗ ਦੇਣਾ ਚਾਹੀਦਾ ਹੈ।

—**ਹਰਕੀਰਤ ਕੌਰ, 9779118066**


HOMELAND MORTGAGE CORP.

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839



ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ ‘ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਵੱਡੇ ਬਾਦਲ ਨੂੰ ਪੰਜਾਬ ਤੇ ਖ਼ਾਲਸਾ ਪੰਥ ਨਾਜ਼ੁਕ ਦੌਰ ਵਿੱਚ ਜਾਪਣ ਲੱਗੇ

## 'ਮੁਸ਼ਕਲ ਘੜੀ ਬਾਦਲ ਨੂੰ ਪਰਵਾਰ ਨੇ ਮੈਦਾਨ ਵਿੱਚ ਲਿਆਂਦਾ

ਲੰਬੀ-ਅਕਾਲੀ ਦਲ ਦੇ ਸਰਪ੍ਰਸਤ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਇਸ ਵਕਤ ਪੰਜਾਬ ਅਤੇ ਖ਼ਾਲਸਾ ਪੰਥ ਨਾਜ਼ੁਕ ਦੌਰ ਤੋਂ ਲੰਘ ਰਹੇ ਹਨ, ਧਾਰਮਿਕ ਥਾਵਾਂ ਨਿਸ਼ਾਨੇ ਉੱਤੇ ਹਨ,ਪਰ ਪੰਜਾਬ ਦੀ ਕਾਂਗਰਸ ਸਰਕਾਰ ਬਦਲਾਖੋਰੀ ਦੀ ਭਾਵਨਾ ਨਾਲ ਕੰਮ ਕਰਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪੰਥ ਦੀ ਦੁਸ਼ਮਣ ਪਾਰਟੀ ਹੈ, ਇਨ੍ਹਾਂ ਦਾ ਕੰਮ ਫੁੱਟ ਪਾ ਕੇ ਰਾਜ ਕਰਨਾ ਹੈ, ਜਿਸ ਤੋਂ ਬਚਣ ਦੀ ਲੋੜ ਹੈ। ਸਿਆਸੀ ਮੁਸ਼ਕਲ ਮਹਿਸੂਸ ਕਰ ਕੇ ਬਾਦਲ ਪਰਵਾਰ ਅਤੇ ਅਕਾਲੀ ਦਲ ਨੇ 94 ਸਾਲਾ ਬਜ਼ੁਰਗ ਵੱਡੇ ਬਾਦਲ ਨੂੰ ਇੱਕ ਵਾਰ ਫਿਰ ਸਿਆਸੀ ਮੈਦਾਨ ਵਿੱਚ ਕੱਢ ਲਿਆਂਦਾ ਹੈ। ਅੱਜ ਮੰਗਲਵਾਰ ਵੱਡੇਬਾਦਲ ਨੇਆਪਣੀ ਨੂੰਹ ਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨਾਲ ਆਪਣੇ ਲੰਬੀ ਹਲਕੇ ਦੇ ਪਿੰਡਾਂ ਪੰਨੀਵਾਲਾ, ਮੋਹਲਾਂ, ਰੱਤਾ ਟਿੱਬਾ, ਕਰਮ ਪੱਟੀ, ਰਾਣੀਵਾਲਾ ਅਤੇ ਮਿੱਡਾ ਵਿੱਚ ਜਨਤਕ ਮੀਟਿੰਗਾਂ ਵਿੱਚਲੋਕਾਂ ਨਾਲ ਗੱਲਾਂ ਕੀਤੀਆਂ। ਇਸ ਮੌਕੇ ਉਨ੍ਹਾਂ ਨੇ ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਪੰਜਾਬ ਦੀ ਸੱਤਾ



ਸੰਭਾਲਣ ਮਗਰੋਂ ਨਸ਼ੇ ਖ਼ਤਮ ਕਰਨ ਦਾ ਦਾਅਵਾ ਕਰਨ ਦੇ ਸਵਾਲ ਉੱਤੇਕਿਹਾ ਕਿ ਪਹਿਲਾਂ ਉਹ ਦਿੱਲੀ ਵਿੱਚ ਨਸ਼ੇ ਖ਼ਤਮ ਕਰ ਲਵੇ, ਉਥੇ ਤਾਂ ਕੀਤੇ ਨਹੀਂ ਜਾ ਸਕੇ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਾਬਕਾ ਅਕਾਲੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਵੱਲੋਂ ਭਾਜਪਾ ਨਾਲ ਚੋਣ ਗੱਠਜੋੜ ਕਰਨ ਬਾਰੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ, 'ਲੜ ਲੈਣ, ਅਸੀਂ ਕਦੋਂ ਰੋਕਦੇ ਹਾਂ, ਪਰ ਲੋਕ ਸਮਝਦਾਰ ਹੋ ਗਏ ਹਨ ਉਨ੍ਹਾਂ ਨੂੰ ਪਤਾ ਹੈ, ਕਿਸ ਦਾ ਕਿੰਨਾ ਵਜੂਦ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਫਿਰੋਜ਼ਪੁਰ ਆਉਣ ਬਾਰੇ ਉਨ੍ਹਾਂ ਕਿਹਾ ਕਿ ਚੋਣਾਂ ਲਾਗੇ ਆ ਗਈਆਂ ਹਨ ਤਾਂ ਸਾਰੇ ਜਣੇ ਦੌਰੇ ਕਰਨਗੇ, ਪਹਿਲਾਂ ਦੌਰੇ ਕਰਦੇ ਤਾਂ ਗੱਲ ਹੋਰ ਹੁੰਦੀ। ਇਸ ਮੌਕੇ ਪਾਰਲੀਮੈਂਟ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਕਾਂਗਰਸ ਦੇ ਪ੍ਰਧਾਨ ਵਿਧਾਇਕ ਨਵਜੋਤ ਸਿੰਘਸਿੱਧੂ ਨੇ ਸਿਆਸੀ ਰੰਜਿਸ਼ ਕੱਢਣ ਲਈ ਨਵਾਂ ਡੀ ਜੀ ਪੀ ਲਾਇਆ ਹੈ, ਪਰ ਉਸ ਨਵੇਂ ਡੀ ਜੀ ਪੀ ਦੀ ਨੱਕ ਹੇਠ ਸ੍ਰੀ ਦਰਬਾਰ ਸਾਹਿਬ ਵਿੱਚ ਬੇਅਦਬੀ ਦੀ ਘਟਨਾ ਹੋ ਗਈ ਹੈ।

# ਨਹੀਂ ਟਲਣਗੀਆਂ ਵਿਧਾਨ ਸਭਾ ਚੋਣਾਂ : ਮੁੱਖ ਚੋਣ ਕਮਿਸ਼ਨਰ ਨੇ ਦਿੱਤੇ ਸੰਕੇਤ

ਲਖਨਊ-ਮੁੱਖ ਚੋਣ ਕਮਿਸ਼ਨਰ (ਸੀਈਸੀ) ਸੁਸ਼ੀਲ ਚੰਦਰਾ ਨੇ ਅੱਜ ਕਿਹਾ ਹੈ ਕਿ ਉਨ੍ਹਾਂ ਦੇ ਲਖਨਊ ਦੌਰੇ ਦੌਰਾਨ ਉਨ੍ਹਾਂ ਨਾਲ ਮੁਲਾਕਾਤ ਕਰਨ ਵਾਲੇ ਸਾਰੀਆਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੇ ਕਿਹਾ ਹੈ ਕਿ ਵਿਧਾਨ ਸਭਾ ਚੋਣਾਂ ਸਾਰੇ ਕੋਵਿਡ-19 ਪ੍ਰੋਟੋਕੋਲ ਦਾ ਪਾਲਣ ਕਰਦੇ ਹੋਏ ਸਮੇਂ ਸਿਰ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਇਹ ਇਸ ਗੱਲ ਦਾ ਸੰਕੇਤ ਹੈ ਕਿ ਚੋਣਾਂ ਵਾਲੇ ਰਾਜਾਂ ਵਿੱਚ ਚੋਣਾਂ ਨੂੰ ਮੁਲਤਵੀ ਨਹੀਂ ਕੀਤਾ ਜਾਵੇਗਾ। ਆਪਣੇ ਤਿੰਨ ਦਿਨਾਂ ਦੌਰੇ ਦੇ ਅੰਤ ਵਿੱਚ ਮੀਡੀਆ ਨੂੰ ਸੰਬੋਧਿਤ ਕਰਦੇ ਹੋਏ ਸੀਈਸੀ ਨੇ ਕਿਹਾ ਕਿ ਉੱਤਰ ਪ੍ਰਦੇਸ਼ ਵਿੱਚ ਹੁਣ 52.08 ਲੱਖ ਨਵੇਂ ਵੋਟਰ ਹਨ ਜੋ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਪਣੀ ਵੋਟ ਦਾ ਇਸਤੇਮਾਲ ਕਰਨਗੇ। ਵੋਟਰਾਂ ਦੀ ਗਿਣਤੀ ਵਧਣ ਅਤੇ ਮੌਜੂਦਾ ਮਹਾਮਾਰੀ ਦੇ ਮੱਦੇਨਜ਼ਰ 11,000 ਹੋਰ ਪੋਲਿੰਗ ਬੂਥ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਭੀੜ ਨਾ ਹੋਵੇ। ਪੋਲਿੰਗ ਸਟੇਸ਼ਨਾਂ 'ਤੇ ਭੀੜ ਨੂੰ ਰੋਕਣ ਲਈ ਰਾਜ ਭਰ ਵਿੱਚ ਪੋਲਿੰਗ ਦਾ ਸਮਾਂ ਵੀ ਇੱਕ ਘੰਟਾ ਵਧਾ ਰਹੇ ਹਾਂ।

AMA CONCRETE

Commercial & Residential

- Placing Pumping & Finishing
- Foundation Floors
- Smooth Finishing
- Exposed Broom Finishing
- Stamped Concrete

ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ

ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ

Sodhi: 604-518-4389 | Harjeet: 604-613-0472

## ਝੂਠੀ ਸਹੁੰ ਖਾਣ ਵਾਲੇ ਕੈਪਟਨ ਨੂੰ ਹਾਲੇ ਹੋਰ ਸੰਤਾਪ ਭੋਗਣਾ ਪਵੇਗਾ-ਨਵਜੋਤ ਸਿੱਧੂ

ਪਟਿਆਲਾ/ਦੇਵੀਗੜ੍ਹ-ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਅੱਜ ਦੇਵੀਗੜ੍ਹ ਵਿਖੇ ਸਨੌਰ ਤੋਂ ਕਾਂਗਰਸ ਦੇ ਹਲਕਾ ਇੰਚਾਰਜ ਹੈਰੀ ਮਾਨ ਦੇ ਹੱਕ ਵਿੱਚ ਚੋਣ ਰੈਲੀ ਨੂੰ ਸੰਬੋਧਨ ਕੀਤਾ। ਭਾਵੇਂ ਅਜੇ ਸਨੌਰ ਤੋਂ ਕਾਂਗਰਸ ਦੇ ਉਮੀਦਵਾਰ ਦਾ ਐਲਾਨ ਨਹੀਂ ਹੋਇਆ ਪਰ ਨਵਜੋਤ ਸਿੰਘ ਸਿੱਧੂ ਨੇ ਅਸਿੱਧੇ ਢੰਗ ਨਾਲ ਹੈਰੀ ਮਾਨ ਨੂੰ ਹਲਕਾ ਸਨੌਰ ਤੋਂ ਕਾਂਗਰਸ ਦਾ ਉਮੀਦਵਾਰ ਦਰਸਾਇਆ। ਇਸ ਮੌਕੇ ਉਨ੍ਹਾਂ ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ, ਕੈਪਟਨ ਅਮਰਿੰਦਰ ਸਿੰਘ ਅਤੇ ਅਰਵਿੰਦ ਕੇਜਰੀਵਾਲ ਦੀ ਵੀ ਆਲੋਚਨਾ ਕੀਤੀ। ਬਿਕਰਮ ਮਜੀਠੀਆ ਨੂੰ ਉਨ੍ਹਾਂ ਨੇ ਕਥਿਤ ਤੌਰ ਤੇ ਚਿੱਟੇ ਦਾ ਵਪਾਰੀ ਗਰਦਾਨਿਆ ਜਦ ਕਿ ਕੈਪਟਨ ਅਮਰਿੰਦਰ ਸਿੰਘ ਤੇ ਗੁਟਕਾ ਸਾਹਿਬ ਦੀ ਝੂਠੀ ਸਹੁੰ ਖਾ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੇ ਦੋਸ਼ ਲਾਏ ਅਤੇ ਆਖਿਆ ਕਿ ਝੂਠੀ ਸਹੁੰ ਖਾਣ ਦੀ ਸਜ਼ਾ ਪਰਮਾਤਮਾ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਦੇ ਦਿੱਤੀ ਹੈ।

## ਡਰੱਗਜ਼ ਮਾਮਲਾ: ਮਜੀਠੀਆ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਤੇ ਸੁਣਵਾਈ 5 ਜਨਵਰੀ ਤੱਕ ਟਲੀ

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਡਰੱਗਜ਼ ਕੇਸ ਵਿੱਚ ਅਗਾਊਂ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ 5 ਜਨਵਰੀ ਤੱਕ ਟਾਲ ਦਿੱਤੀ ਹੈ। ਇਹ ਮਾਮਲਾ ਜਸਟਿਸ ਲੀਜ਼ਾ ਗਿੱਲ ਦੀ ਬੈਂਚ ਅੱਗੇ ਸੂਚੀਬੱਧ ਕੀਤਾ ਗਿਆ ਸੀ। ਪੰਜਾਬ ਸਰਕਾਰ ਨੇ ਆਪਣੇ ਕੇਸ ਦੀ ਬਹਿਸ ਕਰਨ ਲਈ ਸੁਪਰੀਮ ਕੋਰਟ ਦੇ ਵਕੀਲ ਅਤੇ ਸਾਬਕਾ ਕੇਂਦਰੀ ਮੰਤਰੀ ਪੀ। ਚਿਦੰਬਰਮ ਨਾਲ ਸੰਪਰਕ ਕੀਤਾ ਹੈ। ਦੂਜੇ ਪਾਸੇ ਬਚਾਅ ਧਿਰ ਨੇ ਸੁਪਰੀਮ ਕੋਰਟ ਦੇ ਵਕੀਲ ਮੁਕੁਲ ਰੋਹਤਗੀ ਨੂੰ ਚੁਣਿਆ ਹੈ।

J & S Insulation & Rebar Ltd.





Residential & Commercial

Batt Insulation, Rigid Insulation, Insulate Sprinkler, Slab Insulation, Rebar, Poly, Styrofoam

Quality Work, Free Estimates

Best Price

Sarbjit: 604.841.9849

SKY BLUE DRYWALL LTD.

Residential & Commercial



T-Bar
Steel Stud
Boarding
Taping
Ceiling Texture
Renovation
Quality Work
Free Estimates

Daljit Singh

778-549-3605

E: singh.mand@icloud.com

ਜੈ ਰਾਜਾ ਸਾਹਿਬ ਜੀ

ਜੈ ਰਾਜਾ ਸਾਹਿਬ ਜੀ

ਜਹਾਂ ਹੈ ਸੰਯੋਗ ਤਹਾਂ ਹੋਵਦਾਂ ਬਯੋਗ ਰੋਗ ਭੋਗ ਨੂੰ ਤਿਆਗ ਕਿਉ ਮਿਟਾਏ ਸੋਗੁ ਉਤ ਨਾਂ।
ਬੇਲਾ ਆਖਰੀ ਜੁਦਾਈ ਨਾ ਸਹਾਈ ਭੈਣ ਭਾਈ ਮੀਤ ਦਾਸ ਭਗਵਾਂਨ ਕਿਉ ਹੋਵੇ ਅਵਧੂਤ ਨਾਂ॥



# 57ਵੀਂ ਬਰਸੀਂ

## ਹਜ਼ੂਰ ਸ਼੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਅਨੰਨ ਸੇਵਕ ਸੰਤ ਅਵਧੂਤ ਮਹਾਰਾਜ ਜੀ ਦੀ 57ਵੀਂ ਬਰਸੀਂ ਸਭ ਸੰਗਤਾਂ ਦੇ ਸਹਿਯੋਗ ਨਾਲ ਸ਼੍ਰੀ ਗੁਰੂ ਰਵਿਦਾਸ ਸਭਾ ਗੁਰਦੁਆਰਾ ਸਾਹਿਬ 7271 Gilley AVE Burnaby ਵਿਖੇ ਜਨਵਰੀ 7.8.9 2022 ਨੂੰ ਮਨਾਈ ਜਾ ਰਹੀ ਹੈ।

**2 ਆਰੰਭ ਸ਼੍ਰੀ ਆਖੰਡਪਾਠ ਸਾਹਿਬ ਸਵੇਰੇ 10:00 ਵਜੇ ਸ਼ੁੱਕਰਵਾਰ 7 ਜਨਵਰੀ 2022**

**ਭੋਗ ਸ਼੍ਰੀ ਆਖੰਡਪਾਠ ਸਾਹਿਬ ਸਵੇਰੇ 10:00 ਵਜੇ ਐਤਵਾਰ 9 ਜਨਵਰੀ 2022**

ਆਖੰਡਪਾਠ ਸਾਹਿਬ ਜੀ ਦੇ ਭੋਗ ਤੋਂ ਬਾਅਦ ਗੁਰੂ ਘਰ ਦਾ ਕੀਰਤਨੀ ਜੱਥਾ ਰਾਜਾ ਸਾਹਿਬ ਜੀ ਅਤੇ ਸੰਤ ਅਵਧੂਤ ਮਹਾਰਾਜ ਜੀ ਦੀ ਜੀਵਨੀ ਤੇ ਚਾਨਣਾ ਪਾਉਣਗੇ।
ਤਿੰਨੇ ਦਿਨ ਲੰਗਰਾਂ ਅਤੇ ਦੇਗਾਂ ਦੀ ਸੇਵਾ ਸਮੂਹ ਸਰਧਾਲੂ ਸੰਗਤਾਂ ਵਲੋਂ ਹੋਵੇਗੀ।

**ਹੋਰ ਜਾਣਕਾਰੀ ਲਈ ਇਹਨਾਂ ਤੇ ਸੰਪਰਕ ਕਰੋ ਜੀ।**

ਝਲਮਣ ਸਿੰਘ ਸਿੱਧੂ
**604-773-5850**

ਗੁਰਦੇਵ ਸਿੰਘ ਸਿੱਧੂ
**1-250-498-1744**

ਸ਼ਿੰਦਰ ਸਹੋਤਾ
**778-239-7878**

ਬਲਬੀਰ ਹੀਰ
**778-552-0028**

ਰਮੇਸ਼ ਸਰੋਆ
**604-341-2652**

ਬੌਬੀ ਢੀਂਡਸਾ
**604-728-3802**

**ਹੋਰ ਜਾਣਕਾਰੀ ਲਈ ਗੁਰੂ ਘਰ ਦਾ ਫੋਨ ਨੰਬਰ 604-435-9997**

# ਰਾਜਧਾਨੀ ਦਿੱਲੀ ਵਿਚ ਕ੍ਰਿਸਮਸ ਦੌਰਾਨ ਇਕੱਠ ਕਰਨ ਤੇ ਰੋਕ



ਨਵੀਂ ਦਿੱਲੀ (ਦਿਓਲ)-ਕਰੋਨਾ ਦੇ ਲਗਾਤਾਰ ਵਧਦੇ ਕੇਸਾਂ ਅਤੇ ਓਮੀਕਰੋਨ ਵੇਰੀਐਂਟ ਦੇ ਤੇਜ਼ੀ ਨਾਲ ਫੈਲਣ ਦੇ ਵਧਦੇ ਖ਼ਤਰੇ ਦੇ ਮੱਦੇਨਜ਼ਰ ਦਿੱਲੀ ਆਫਤ ਪ੍ਰਬੰਧਨ ਅਥਾਰਟੀ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ ਕਿ ਦਿੱਲੀ ਵਿੱਚ ਕ੍ਰਿਸਮਸ ਤੇ ਨਵੇਂ ਸਾਲ ਦੇ ਜਸ਼ਨਾਂ ਮੌਕੇ ਕੋਈ ਇਕੱਠ ਨਾ ਹੋਵੇ, ਹਾਲਾਂਕਿ ਰੈਸਟੋਰੈਂਟਾਂ ਤੇ ਬਾਰ ਨਿਯਮਾਂ ਮੁਤਾਬਕ ਚੱਲਦੇ ਰਹਿਣਗੇ। ਇਸ ਦੌਰਾਨ ਦਿੱਲੀ ਵਿੱਚ ਓਮੀਕਰੋਨ ਦੇ ਕੇਸਾਂ ਦੀ ਵਧਦੀ ਗਿਣਤੀ ਦੇ ਮੱਦੇਨਜ਼ਰ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਇਸ ਨਵੇਂ ਰੂਪ ਦੇ ਟਾਕਰੇ ਲਈ ਤਿਆਰੀਆਂ ਤੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਭਲਕੇ ਵੀਰਵਾਰ ਨੂੰ ਸਮੀਖਿਆ ਮੀਟਿਗ ਕੀਤੀ ਜਾਵੇਗੀ।



# ਮੁੱਖ ਮੰਤਰੀ ਨਾਲ ਮੀਟਿੰਗ ਕਰਨ ਮਗਰੋਂ ਕਿਸਾਨਾਂ ਦਾ ਰੇਲ ਰੋਕੋ ਅੰਦੋਲਨ ਮੁਲਤਵੀ

## ਫੈਸਲੇ ਵਿਚਾਰਨ ਲਈ 4 ਜਨਵਰੀ ਨੂੰ ਮੁੜ ਕੇ ਮੀਟਿੰਗ ਹੋਏਗੀ

ਅੰਮ੍ਰਿਤਸਰ-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਲੀਡਰਾਂ ਦੀ ਅੱਜ ਮੁੱਖ ਮੰਤਰੀ ਚਰਨਜੀਤ ਚੰਨੀ ਨਾਲ ਚੰਡੀਗੜ੍ਹ ਵਿੱਚ ਹੋਈ ਮੀਟਿੰਗ ਵਿੱਚਮੁੱਖ ਮੰਤਰੀ ਨੇ ਮੰਗਾਂ ਮੰਨਣ ਦਾ ਭਰੋਸਾ ਦਿੱਤਾ ਹੈ ਮੁੱਖ ਮੰਤਰੀ ਨਾਲ ਜਥੇਬੰਦੀ ਦੀ ਅਗਲੀ ਬੈਠਕ 4 ਜਨਵਰੀ ਨੂੰ ਹੋਏਗੀ। ਜਥੇਬੰਦੀ ਨੇ ਰੇਲ ਰੋਕੋ ਅੰਦੋਲਨ ਮੁਲਤਵੀ ਕਰ ਦਿੱਤਾ ਹੈ। ਵਰਨਣ ਯੋਗ ਹੈ ਕਿ ਪਿਛਲੇ 9 ਦਿਨਾਂ ਤੋਂ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਮੰਨੀਆਂ ਮੰਗਾਂ ਲਾਗੂ ਕਰਾਉਣ ਲਈ ਰੇਲ ਰੋਕੋ ਅੰਦੋਲਨ ਕਰ ਰਹੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾਈ ਆਗੂਆਂ ਨਾਲ ਮੁੱਖ ਮੰਤਰੀ ਚਰਨਜੀਤ ਚੰਨੀ ਨੇ ਅੱਜ ਚੰਡੀਗੜ੍ਹ ਵਿੱਚ ਆਪਣੇ ਘਰ ਲਗਭਗ ਡੇਢ ਘੰਟਾ ਮੀਟਿੰਗ ਕੀਤੀ ਇਸ ਮੀਟਿੰਗ ਦੇ ਫ਼ੈਸਲਿਆਂ ਬਾਰੇ ਕਿਸਾਨ ਆਗੂਆਂ ਨੇ ਕਿਹਾ ਕਿ ਗੜੇਮਾਰੀ ਨਾਲ ਮਾਝੇ ਵਿੱਚ ਤਬਾਹ ਹੋਈ ਬਾਸਮਤੀ ਦੀ ਫਸਲ ਦਾ ਮੁਆਵਜ਼ਾ 12 ਹਜ਼ਾਰ ਤੋਂ ਵਧਾ ਕੇ 17 ਹਜ਼ਾਰ ਦਿੱਤਾ ਜਾਵੇਗਾ। ਸ਼ਹੀਦ ਪਰਿਵਾਰਾਂ ਨੂੰ ਨੌਕਰੀ ਅਤੇ ਮੁਆਵਜ਼ਾ ਇੱਕ ਹਫਤੇ ਵਿੱਚ ਦੇ ਦਿੱਤਾ ਜਾਵੇਗਾ। ਵੱਖ-ਵੱਖ ਅੰਦੋਲਨਾਂ ਦੇ ਪਹਿਲੇ ਰਹਿੰਦੇ ਸ਼ਹੀਦ ਪਰਿਵਾਰਾਂ ਨੂੰ ਵੀ ਨੌਕਰੀ ਤੇ ਮੁਆਵਜ਼ਾ ਦਿੱਤਾ ਜਾਵੇਗਾ। ਰੇਲਵੇ ਪੁਲਿਸ ਦੇ ਸਾਰੇ ਕੇਸ ਗ੍ਰਹਿ ਮੰਤਰੀ ਨਾਲ ਬੈਠਕ ਕਰਕੇ ਜਲਦੀ ਰੱਦ ਕਰ ਦਿੱਤੇ ਜਾਣਗੇ। ਆਗੂਆਂ ਵੱਲੋਂ ਸਮੁੱਚਾ ਕਰਜ਼ਾ ਖਤਮ ਕਰਨ ਦੀ ਮੰਗ ਉੱਤੇ ਮੁੱਖ ਮੰਤਰੀ ਨੇ 5 ਏਕੜ ਤੱਕ ਦੇ ਸਾਰੇ ਕਿਸਾਨਾਂ ਦਾ ਕਰਜ਼ਾ ਇੱਕ ਹਫਤੇ ਵਿੱਚ ਖਤਮ ਕਰਨ ਦਾ ਭਰੋਸਾ ਦਿੱਤਾ ਹੈ।

MORTGAGE
If you are paying more than
1.30%*
(5 Years VIRM 30 Years Ammortization)
Call us NOW to Lower your Rate!
RAJ GILL HAS "NO STRESS MORTGAGE"
Superior Mortgage
Unit 244-8138-128 Street, Surrey
604 507 1000
Our Symbol of Care & Service



Manulife Reduced 13% Term Rates For Limited Time
www.KaliaFinancial.com
Kalia Insurance and Financial Services
Sudesh K. Kalia 604.728.6740 KFinancial@shaw.ca
Individual & Business Life Disability, Critical & Long Care Term Insurance, Supervisa Medical Insurance





ਸ਼ੋਰ ਸਾਈਡ ਫਿਸ਼ ਕੈਨਰੀ



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
PHONE: 604-244-1118
FAX: 604-270-3075
ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# Gold key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

**TEL : 604 502 0441**

ICBC Online and Delivery available.

ਪੰਜਾਬੀ
हिंदी

| | | | |
|---|---|---|---|
| **SURREY** (604) 502 - 0441 FAX (604) 502-0417 | 5-8430 128TH ST. SURREY, BC V3W 4G3 | MON-FRI<br>SATURDAY<br>SUNDAY | 8 AM - 8 PM<br>9 AM - 6 PM<br>9 AM - 5 PM |
| **VANCOUVER** (604) 325 - 1241 FAX (604) 325-1414 | 4038 KNIGHT ST. VANCOUVER, BC V5N 5Y7 | MON-FRI<br>SATURDAY<br>SUNDAY | 9 AM - 8 PM<br>9 AM - 5 PM<br>9 AM - 5 PM |

ICBC autoplan

**OPEN 7 DAYS**

www.goldkeyinsurance.ca


fruiticana hee jaana!
2022
HAPPY NEW YEAR
LOWEST PRICES IN TOWN
ਸ਼ਹਿਰ ਦੇ ਸੱਭ ਤੋਂ ਘੱਟ ਦਾਮ
Round Large Eggplant
ਵੱਡੇ ਬਤਾਊਂ
99¢ ea.
Extra Extra Super Special
Yellow Onions 50 lbs
ਪੀਲੇ ਗੰਢੇ
YELLOW ONION
$10 98 bag
Extra Super Super Special
Fresh Ginger
ਤਾਜ਼ਾ ਅਦਰਕ
99¢ lb
Nanak Dahi Kebabs
ਨਾਨਕ ਦਹੀ ਕਬਾਬ
DAHI KEBABS
$7 99 pkg.
Almonds Supreme #1
ਬਦਾਮ ਪ੍ਰੀਮੀਅਮ ਸਾਈਜ਼ ੧
$4 49 lb
Extra Super Super Special
Pesi Gur Plain 2 lbs
ਪੇਸ਼ੀ ਗੁੜ
$3 99 pkg.
Super Special
Desi Karela
ਦੇਸੀ ਕਰੇਲਾ
99¢ lb
Chickpeas 4 lbs Indican
ਇੰਡੀਕੇਨ ਚਿੱਟੇ ਛੋਲੇ
$3 99 bag
Super Special
Roasted Peanuts in Shell
ਭੁੱਜੀ ਮੂੰਗਫਲੀ
$1 99 lb
Super Special
Golden Temple Flour 20 lbs
ਗੋਲਡਨ ਟੈਂਪਲ ਆਟਾ
GOLDEN TEMPLE
ATTA
$9 98 bag
Maggi Masala Noodles 70 g
ਮੈਗੀ ਮਸਾਲਾ ਨੂਡਲਸ
3 Pkgs. for
99¢
Indican Almond Oil 1 L
ਇੰਡੀਕੇਨ ਬਦਾਮ ਦਾ ਤੇਲ
$12 99 bottle
Super Special
English Cucumbers
ਇੰਗਲਿਸ਼ ਖੀਰੇ
2 for 99¢
Super Special
Indican Red Lentil Whole 4 lbs
ਇੰਡੀਕੇਨ ਸਾਬਤ ਮਸਰਾਂ ਦੀ ਦਾਲ
$2 99 bag
Super Special
Punjabi Pure Cane Sugar (Indican) 8 lbs
ਇੰਡੀਕੇਨ ਪੰਜਾਬੀ ਗੰਨੇ ਦੀ ਚਿੱਟੀ ਖੰਡ
$4 99 bag
Russet Potatoes 10 lbs
ਆਲੂ ਰਸਟ ਸਨੋਬੁਆਏ
SNOBOY
$2 99 bag
Nanak Rasmalai 3 Flavours 850 g
ਨਾਨਕ ਰਸਮਲਾਈ
ਵੱਖ-ਵੱਖ ਫਲੇਵਰ
$7 99 pkg.
Punjabi Cookies New Crunch & Indican 2.2 lbs
ਪੰਜਾਬੀ ਕੁਕੀਜ਼ ਨਵੀਂ ਕ੍ਰੰਚ ਅਤੇ ਇੰਡੀਕੇਨ
$5 99 pkg.
Opo Squash
ਓਪੋ ਕੱਦੂ
88¢ lb
Large Seedless Oranges
ਵੱਡੇ ਸੰਤਰੇ (ਬਿਨਾਂ ਬੀਜ ਤੋਂ)
98¢ lb
Nanak Gulabjamun 908 g
ਨਾਨਕ ਗੁਲਾਬ ਜਾਮੁਨ
GULABJAMUN
$6 99 pkg.
Red Onions 10 lbs
ਲਾਲ ਗੰਢੇ
RED ONIONS
$8 99 bag
Fresh Garlic
ਤਾਜ਼ਾ ਲਸਣ
$1 49 lb
Green Elaichi (Cardamom) S.G
ਹਰੀ ਇਲਾਇਚੀ (ਐਸ. ਜੀ)
$18 99 lb
Product images may differ from the actual product.
Fri Dec 31, 2021 - Wed Jan 05, 2022
We reserve the right to limit the quantities while they last
Specials valid for Lower Mainland only
VISA
fruiticana SINCE 1994
Head Office: 7676 Anvil Way, Surrey
604-502-0005
www.fruiticana.com
NEW LOCATION NOW OPEN
#160 – 2463 HIGHWAY 97
NORTH KELOWNA
PH: (250) 448-7809
HOLIDAY HOURS
We are open on Jan 1st 2022
9:00 am to 6:00 pm
BUSINESS HOURS
9 AM - 8 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. --------------- 236-317-6272
Surrey ----------- 12990 72nd Ave. ------------ 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. --------------- 604-372-2023
Surrey ----------- 101-7228 192St. ------------- 604-575-3750
New Westminster 101-331 6th St. ------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond-------- 4101 No.5 Rd.----------------- 604-244-9520